PRGI (RNI) Regd. N0.42998/1985
ਦਫਤਰ : 104, ਡੀ. ਐਸ. ਆਈ. ਡੀ. ਸੀ., ਓਖਲਾ ਇੰਡਸਟਰੀਅਲ ਏਰੀਆ, ਫੇਜ਼ 1 ਨਵੀਂ ਦਿੱਲੀ
ਫੋਨ : 41503144
ਫੈਕਸ-011-23353936
email:educatord@gmail.com

ਰੋਜ਼ਾਨਾ

www.dailyeducator.in

# ਐਜੂਕੇਟਰ

ਨਵੀਂ ਦਿੱਲੀ

ਕੁਲ ਪੇਜ/Total Pages : 8

Chief Editor : Harpreet Singh

ਮੁੱਖ ਸੰਪਾਦਕ : ਹਰਪ੍ਰੀਤ ਸਿੰਘ

ਸਾਲ/YEAR 40
ਅੰਕ ਨੰ/Volume No.: 128
ਸ਼ਨੀਵਾਰ, 10 ਮਈ 2025
Saturday, 10 May 2025
ਮੁੱਲ : 2/- ਰੁਪਏ
Price-Rs. 2/-

THE DAILY EDUCATOR NEW DELHI

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਤੋਂ ਛਪਣ ਵਾਲਾ ਪੰਜਾਬੀ ਦਾ ਪੁਰਾਣਾ ਤੇ ਪ੍ਰਸਿੱਧ ਅਖ਼ਬਾਰ

## ਵਿਸ਼ਵ ਬੈਂਕ ਦੇ ਮੁਖੀ ਅਜੇ ਬੰਗਾ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 9 ਮਈ (ਪ.ਪ) :ਵਿਸ਼ਵ ਬੈਂਕ ਦੇ ਮੁਖੀ ਅਜੇ ਬੰਗਾ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਨਵੀਂ ਦਿੱਲੀ ਵਿਚ ਮੁਲਾਕਾਤ ਕੀਤੀ ਅਤੇ ਭਾਰਤ ਵਲੋਂ ਪਾਕਿਸਤਾਨ ਵਿਰੁੱਧ ਇੱਕ ਵੱਡੇ ਕੂਟਨੀਤਕ ਕਦਮ ਵਿੱਚ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਮਾਮਲੇ ’ਤੇ ਕਿਹਾ ਕਿ ਸੰਸਥਾ ਦੋਵਾਂ ਦੇਸ਼ਾਂ ਵਿਚਕਾਰ ਇਸ ਵਿਵਾਦ ’ਚ ਦਖ਼ਲ ਨਹੀਂ ਦੇਵੇਗੀ। ਸੂਤਰਾਂ ਨੇ ਦਸਿਆ ਕਿ ਵਿੱਤ ਮੰਤਰੀ ਸੀਤਾਰਮਨ ਨਾਲ ਲੰਮੀ ਚਰਚਾ ਦੌਰਾਨ ਬੰਗਾ ਦੀ ਮੋਦੀ ਨਾਲ ਸ਼ਿਸ਼ਟਾਚਾਰ ਮੁਲਾਕਾਤ ਹੋਈ। ਇਸ ਮੀਟਿੰਗ ਵਿਚ ਹੋਈ ਚਰਚਾ ਬਾਰੇ ਫ਼ਿਲਹਾਲ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ।



ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵਿਸ਼ਵ ਬੈਂਕ ਦੇ ਮੁਖੀ ਅਜੇ ਬੰਗਾ ਨੇ ਇਕ ਇੰਟਰਵਿਊ ’ਚ ਸਿੰਧੂ ਜਲ ਸਮਝੌਤੇ ਦੀ ਮੁਅੱਤਲੀ ਤੇ, ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੇ ਕਿਹਾ, ਸਾਡੀ ਇੱਕ ਵਿਚੋਲੇ ਤੋਂ ਇਲਾਵਾ ਕੋਈ ਭੂਮਿਕਾ ਨਹੀਂ ਹੈ। ਮੀਡੀਆ ਵਿੱਚ ਇਸ ਬਾਰੇ ਬਹੁਤ ਸਾਰੀਆਂ ਅਟਕਲਾਂ ਹਨ ਕਿ ਵਿਸ਼ਵ ਬੈਂਕ ਕਿਵੇਂ ਦਖਲ ਦੇਵੇਗਾ ਅਤੇ ਸਮੱਸਿਆ ਦਾ ਹੱਲ ਕਿਵੇਂ ਕਰੇਗਾ, ਪਰ ਇਹ ਸਭ ਬਕਵਾਸ ਹੈ। ਵਿਸ਼ਵ ਬੈਂਕ ਦੀ ਭੂਮਿਕਾ ਸਿਰਫ਼ ਇੱਕ ਵਿਚੋਲੇ ਦੀ ਹੈ। ਬੰਗਾ ਨੇ ਕਿਹਾ, ਦੋਵਾਂ ਦੇਸ਼ਾਂ ਵਿਚਕਾਰ ਵਿਵਾਦ ਵਿੱਚ ਦਖਲ ਨਹੀਂ ਦੇਵੇਗਾ। ਸੀਐਨਬੀਸੀ ਨਾਲ ਇੱਕ ਇੰਟਰਵਿਊ ਵਿੱਚ, ਬੰਗਾ ਨੇ ਕਿਹਾ, “ਨਹੀਂ, ਸੰਧੀ ਮੁਅੱਤਲ ਨਹੀਂ ਕੀਤੀ ਗਈ ਹੈ। ਇਸਨੂੰ ਤਕਨੀਕੀ ਤੌਰ ’ਤੇ ਮੁਲਤਵੀ ਕਿਹਾ ਜਾਂਦਾ ਹੈ, ਜਿਵੇਂ ਕਿ ਭਾਰਤ ਸਰਕਾਰ ਨੇ ਕਿਹਾ ਹੈ।” ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਸਲ ਵਿੱਚ ਤਿਆਰ ਕੀਤੀ ਸੰਧੀ ’ਚ ਮੁਅੱਤਲੀ ਦੀ ਵਿਵਸਥਾ ਨਹੀਂ ਹੈ। ਉਨ੍ਹਾਂ ਕਿਹਾ, “ਜਿਸ ਤਰੀਕੇ ਨਾਲ ਇਸਨੂੰ ਤਿਆਰ ਕੀਤਾ ਗਿਆ ਹੈ, ਇਸਨੂੰ ਜਾਂ ਤਾਂ ਰੱਦ ਕਰ ਦੇਣਾ ਚਾਹੀਦਾ ਹੈ ਜਾਂ ਕਿਸੇ ਹੋਰ ਚੀਜ਼ ਨਾਲ ਬਦਲ ਦੇਣਾ ਚਾਹੀਦਾ ਹੈ। ਦੋਵਾਂ ਦੇਸ਼ਾਂ ਨੂੰ ਇਸ ’ਤੇ ਸਹਿਮਤ ਹੋਣਾ ਚਾਹੀਦਾ ਹੈ।” ਵਿਸ਼ਵ ਬੈਂਕ ਦੀ ਭੂਮਿਕਾ ਬਾਰੇ ਦੱਸਦਿਆਂ, ਬੰਗਾ ਨੇ ਕਿਹਾ, “ਵਿਸ਼ਵ ਬੈਂਕ ਦੀ ਭੂਮਿਕਾ ਮੂਲ ਰੂਪ ਵਿੱਚ ਇੱਕ ਵਿਚੋਲੇ ਦੀ ਹੈ, ਜੇਕਰ ਉਹ ਅਸਹਿਮਤ ਹੁੰਦੇ ਹਨ - ਤਾਂ ਅਸੀਂ ਫ਼ੈਸਲਾ ਨਹੀਂ ਲੈਂਦੇ - ਸਗੋਂ ਅਸੀਂ ਇਕ ਧਿਰ ਹੁੰਦੇ ਹਾਂ ਜੋ ਮਾਮਲਿਆਂ ਨਾਲ ਨਜਿੱਠਣ ਲਈ ਇਕ ਨਿਰਪੱਖ ਮਾਹਰ ਜਾਂ ਸਾਲਸੀ ਅਦਾਲਤ ਲੱਭਣ ਦੀ ਪ੍ਰਕਿਰਿਆ ’ਚੋਂ ਲੰਘਦੀ ਹੈ।

## ਰਾਜਨਾਥ ਵੱਲੋਂ ਸੀ.ਡੀ.ਐਸ. ਤੇ ਤਿੰਨੋਂ ਸੈਨਾਵਾਂ ਦੇ ਮੁਖੀਆਂ ਨਾਲ ਸੁਰੱਖਿਆ ਹਾਲਾਤ ਦੀ ਸਮੀਖਿਆ



ਨਵੀਂ ਦਿੱਲੀ, 9 ਮਈ (ਪ.ਪ): ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਵੱਲੋਂ ਭਾਰਤ ਦੇ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਨਾਕਾਮ ਕੋਸ਼ਿਸ ਤੋਂ ਇਕ ਦਿਨ ਮਗਰੋਂ ਅੱਜ ਸਿਖਰਲੇ ਫੌਜੀ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਦੇਸ਼ ਦੇ ਸੁਰੱਖਿਆ ਹਾਲਾਤ ਦੀ ਵਿਆਪਕ ਸਮੀਖਿਆ ਕੀਤੀ। ਸੂਤਰਾਂ ਮੁਤਾਬਕ ਮੀਟਿੰਗ ਦੌਰਾਨ ਮੌਜੂਦਾ ਸੁਰੱਖਿਆ ਹਾਲਾਤ ਦੇ ਹਰੇਕ ਪਹਿਲੂ ’ਤੇ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਵਿਚ ਚੀਫ਼ ਆਫ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ, ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਏਅਰ ਚੀਫ਼ ਮਾਰਸ਼ਲ ਏਪੀ ਸਿੰਘ ਤੇ ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਕੇ.ਤ੍ਰਿਪਾਠੀ ਮੌਜੂਦ ਸਨ।ਕਾਬਿਲੇਗੌਰ ਹੈ ਕਿ ਭਾਰਤ ਨੇ ਵੀਰਵਾਰ ਰਾਤੀਂ ਪਾਕਿਸਤਾਨੀ ਫੌਜ ਵੱਲੋਂ ਜੰਮੂ, ਪਠਾਨਕੋਟ, ਊਧਮਪੁਰ ਅਤੇ ਕੁਝ ਹੋਰ ਥਾਵਾਂ ’ਤੇ ਫੌਜੀ ਸਟੇਸ਼ਨਾਂ ਨੂੰ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ। ਪਾਕਿਸਤਾਨੀ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਮਗਰੋਂ ਰੱਖਿਆ ਮੰਤਰਾਲੇ ਨੇ ਕਿਹਾ ਕਿ ਭਾਰਤ ‘ਆਪਣੀ ਪ੍ਰਭੂਸੱਤਾ ਦੀ ਰੱਖਿਆ ਕਰਨ ਅਤੇ ਆਪਣੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।’ਭਾਰਤੀ ਫੌਜੀ ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨੀ ਡਰੋਨ ਅਤੇ ਮਿਜ਼ਾਈਲਾਂ ਨੂੰ ਭਾਰਤੀ ਹਥਿਆਰਬੰਦ ਬਲਾਂ ਨੇ ਪ੍ਰਭਾਵਸ਼ਾਲੀ ਢੰਗ ਬੇਅਸਰ ਕੀਤਾ ਅਤੇ ਦੁਸ਼ਮਣ ਦੀਆਂ ਨਾਪਾਕ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦਿੱਤਾ।ਇਸ ਤੋਂ ਪਹਿਲਾਂ ਪਾਕਿਸਤਾਨ ਨੇ ਬੁੱਧਵਾਰ ਤੇ ਵੀਰਵਾਰ ਦੀ ਦਰਮਿਆਨੀ ਰਾਤ ਨੂੰ ਭਾਰਤ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਦੇ 15 ਸ਼ਹਿਰਾਂ ਵਿੱਚ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਭਾਰਤ ਸੁਰੱਖਿਆ ਬਲਾਂ ਨੇ ਨਾਕਾਮ ਕਰ ਦਿੱਤਾ। ਜਿਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਉਨ੍ਹਾਂ ਵਿਚ ਅਵੰਤੀਪੁਰਾ, ਸ੍ਰੀਨਗਰ, ਜੰਮੂ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ, ਚੰਡੀਗੜ੍ਹ, ਨਲ, ਫਲੋਦੀ, ਉਤਰਲਾਈ ਅਤੇ ਭੁਜ ਸ਼ਾਮਲ ਸਨ।

## ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਚ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਨਵੀਂ ਦਿੱਲੀ, 9 ਮਈ (ਪ.ਪ) : ਭਾਰਤ ਅਤੇ ਪਾਕਿਸਤਾਨ ਵਿਚਾਲੇ ਫੌਜੀ ਟਕਰਾਅ ਦੇ




ਮੱਦੇਨਜ਼ਰ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਪਾਕਿਸਤਾਨ ਨਾਲ ਲੱਗਦੀ ਭਾਰਤੀ ਸਰਹੱਦ ਅਤੇ ਦੇਸ਼ ਦੇ ਹਵਾਈ ਅੱਡਿਆਂ ’ਤੇ ਮੌਜੂਦਾ ਸਥਿਤੀ ਦੀ ਸਮੀਖਿਆ ਕੀਤੀ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਕੁਝ ਘੰਟੇ ਪਹਿਲਾਂ, ਸੀਮਾ ਸੁਰੱਖਿਆ ਬਲ (ਬੀਐਸਐਫ) ਨੇ ਕਿਹਾ ਸੀ ਕਿ ਉਸਨੇ ਜੰਮੂ ਵਿੱਚ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਪਾਰ ਕਰਕੇ ਘੁਸਪੈਠ ਕਰਨ ਦੀ ਕੋਸ਼ਿਸ਼ ਕਰ ਰਹੇ ਸੱਤ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ ਅਤੇ ਪਾਕਿਸਤਾਨ ਰੇਂਜਰਾਂ ਦੀ ਇੱਕ ਚੌਕੀ ਨੂੰ ਵੀ ਤਬਾਹ ਕਰ ਦਿੱਤਾ ਹੈ।ਸੂਤਰਾਂ ਨੇ ਦੱਸਿਆ ਕਿ ਭਾਰਤ-ਪਾਕਿਸਤਾਨ ਸਰਹੱਦ ’ਤੇ ਸੁਰੱਖਿਆ ਸਥਿਤੀ ਦੀ ਸਮੀਖਿਆ ਕਰਨ ਤੋਂ ਇਲਾਵਾ, ਸ਼ਾਹ ਨੇ ਦੇਸ਼ ਭਰ ਦੇ ਹਵਾਈ ਅੱਡਿਆਂ ’ਤੇ ਸੁਰੱਖਿਆ ਵਧਾਉਣ ਲਈ ਚੁੱਕੇ ਗਏ ਕਦਮਾਂ ਦਾ ਵੀ ਜਾਇਜ਼ਾ ਲਿਆ। ਸੀਮਾ ਸੁਰੱਖਿਆ ਬਲ ਭਾਰਤ-ਪਾਕਿਸਤਾਨ ਸਰਹੱਦ ਦੀ ਰਾਖੀ ਕਰਦਾ ਹੈ ਅਤੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੇਸ਼ ਦੇ ਹਵਾਈ ਅੱਡਿਆਂ, ਮੈਟਰੋ ਨੈੱਟਵਰਕਾਂ ਅਤੇ ਹੋਰ ਮਹੱਤਵਪੂਰਨ ਸਥਾਪਨਾਵਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ, ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਤਪਨ ਡੇਕਾ ਅਤੇ ਬੀਐਸਐਫ, ਸੀਆਈਐਸਐਫ ਅਤੇ ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਦੇ ਡਾਇਰੈਕਟਰ ਜਨਰਲ ਸ਼ਾਹ ਨਾਲ ਮੀਟਿੰਗ ਵਿੱਚ ਸ਼ਾਮਲ ਹੋਏ। ਭਾਰਤ ਨੇ ਬੁੱਧਵਾਰ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਕਈ ਥਾਵਾਂ ’ਤੇ ਹਮਲੇ ਕੀਤੇ। ਪਾਕਿਸਤਾਨ ਨੇ ਵੀਰਵਾਰ ਨੂੰ ਭਾਰਤੀ ਫੌਜੀ ਟਿਕਾਣਿਆਂ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਭਾਰਤੀ ਹਥਿਆਰਬੰਦ ਬਲਾਂ ਨੇ ਨਾਕਾਮ ਕਰ ਦਿੱਤਾ। ਇਸ ਘਟਨਾ ਕਾਰਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧ ਗਿਆ ਹੈ।


## *ਭਾਰਤੀ ਫ਼ੌਜ ਦੀ ਸਟਰਾਇਕ ’ਤੇ ਬੋਲੇ ਮੁੱਖ ਮੰਤਰੀ ਨਾਇਬ ਸੈਣੀ*

ਚੰਡੀਗੜ੍ਹ, 9 ਮਈ (ਪ.ਪ) :ਭਾਰਤ ਪਾਕਿਸਤਾਨ ਵਿਚਾਲੇ ਤਣਾਅ ਦੌਰਾਨ ਭਾਰਤੀ ਫ਼ੌਜ ਦੀ ਸਟਰਾਇਕ ’ਤੇ ਬੋਲੇ ਮੁੱਖ ਮੰਤਰੀ ਨਾਇਬ ਸੈਣੀ। ਉਨ੍ਹਾਂ ਕਿਹਾ ਕਿ ਸਾਡੀ ਫ਼ੌਜ ਨੇ ਪਾਕਿਸਤਾਨ ਦੇ ਬੁਰੇ ਇਰਾਦਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ। ਪਾਕਿਸਤਾਨ ਵਲੋਂ ਸਾਡੇ ਮਾਸੂਮ ਲੋਕਾਂ ਤੇ ਕੀਤੇ ਗਏ ਹਮਲੇ ਦਾ ਢੁਕਵਾਂ ਜਵਾਬ ਦਿੱਤਾ ਹੈ। ਨਾਇਬ ਸੈਣੀ ਨੇ ਕਿਹਾ ਕਿ ਪਾਕਿਸਤਾਨ ਨੂੰ ਸੋਚਣਾ ਪਵੇਗਾ ਜਿਥੋਂ ਉਹ ਅੱਤਵਾਦ ਨੂੰ ਕਿੱਥੋਂ ਸਪਾਂਸਰ ਕਰਦਾ ਹੈ। ਕਿਸੇ ਵਿਅਕਤੀ ਦੇ ਜੀਵਨ ਅਤੇ ਦੇਸ਼ ਦੇ ਰਾਜ ਦਾ ਵਿਕਾਸ ਅੱਤਵਾਦ ਰਾਹੀਂ ਨਹੀਂ ਹੋਵੇਗਾ। ਗਰੀਬੀ ਨੂੰ ਖ਼ਤਮ ਕਰਨਾ ਅਤੇ ਦੇਸ਼ ਨੂੰ ਵਿਕਸਤ ਬਣਾਉਣਾ ਸਾਡੀ ਤਰਜੀਹ ਹੋਣੀ ਚਾਹੀਦੀ ਹੈ। ਸਾਡੀ ਫ਼ੌਜ ਦੇ ਜਵਾਨ ਪਾਕਿਸਤਾਨੀ ਫ਼ੌਜ ਦੀ ਨਾਪਾਕ ਹਰਕਤਾਂ ਦਾ ਡੱਟ ਕੇ ਜਵਾਬ ਦੇ ਰਹੇ ਹਨ।



## ਚੀਨ ਵੱਲੋਂ ਭਾਰਤ ਤੇ ਪਾਕਿ ਨੂੰ ‘ਸੰਜਮ’ ਤੇ ਹਾਲਾਤ ਨੂੰ ਹੋਰ ਨਾ ਉਲ਼ਝਾਉਣ ਦੀ ਸਲਾਹ

ਨਵੀਂ ਦਿੱਲੀ, 9 ਮਈ (ਪ.ਪ) :



ਭਾਰਤ ਤੇ ਪਾਕਿਸਤਾਨ ’ਚ ਜਾਰੀ ਫੌਜੀ ਤਣਾਅ ਦਰਮਿਆਨ ਚੀਨ ਨੇ ਦੋਵਾਂ ਮੁਲਕਾਂ ਨੂੰ ‘ਸੰਜਮ ਵਰਤਣ’ ਅਤੇ ਅਜਿਹੀ ਕਾਰਵਾਈ ਕਰਨ ਤੋਂ ‘ਪਰਹੇਜ਼’ ਦੀ ਸਲਾਹ ਦਿੱਤੀ ਹੈ, ਜੋ ਹਾਲਾਤ ਨੂੰ ਹੋਰ ਉਲ਼ਝਾ ਸਕਦੀ ਹੈ। ਚੀਨੀ ਤਰਜਮਾਨ ਲਿਨ ਜਿਆਨ ਨੇ ਪੇਈਚਿੰਗ ਵਿੱਚ ਬ੍ਰੀਫਿੰਗ ਦੌਰਾਨ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਤਿਵਾਦ ਅਤੇ ਦੋਵਾਂ ਮੁਲਕਾਂ ਵਿਚ ਜਾਰੀ ਫੌਜੀ ਝੜਪ ਬਾਰੇ ਆਪਣਾ ਸਟੈਂਡ ਸਪੱਸ਼ਟ ਕੀਤਾ ਹੈ।ਉਨ੍ਹਾਂ ਕਿਹਾ, “ਭਾਰਤ ਅਤੇ ਪਾਕਿਸਤਾਨ ਇੱਕ ਦੂਜੇ ਦੇ ਗੁਆਂਢੀ ਹਨ ਅਤੇ ਹਮੇਸ਼ਾ ਰਹਿਣਗੇ। ਉਹ ਦੋਵੇਂ ਚੀਨ ਦੇ ਗੁਆਂਢੀ ਵੀ ਹਨ। ਚੀਨ ਹਰ ਤਰ੍ਹਾਂ ਦੇ ਅਤਿਵਾਦ ਦਾ ਵਿਰੋਧ ਕਰਦਾ ਹੈ।”ਉਨ੍ਹਾਂ ਕਿਹਾ, “ਅਸੀਂ ਦੋਵਾਂ ਧਿਰਾਂ ਨੂੰ ਸ਼ਾਂਤੀ ਅਤੇ ਸਥਿਰਤਾ ਦੇ ਵੱਡੇ ਹਿੱਤ ਵਿੱਚ ਕੰਮ ਕਰਨ, ਯੂਐੱਨ ਚਾਰਟਰ ਸਮੇਤ ਕੌਮਾਂਤਰੀ ਕਾਨੂੰਨ ਦੀ ਪਾਲਣਾ ਕਰਨ, ਸ਼ਾਂਤ ਰਹਿਣ, ਸੰਜਮ ਵਰਤਣ ਅਤੇ ਅਜਿਹੀਆਂ ਕਾਰਵਾਈਆਂ ਕਰਨ ਤੋਂ ਬਚਣ ਦੀ ਅਪੀਲ ਕਰਦੇ ਹਾਂ ਜੋ ਸਥਿਤੀ ਨੂੰ ਵਧੇਰੇ ਪੇਚੀਦਾ ਬਣਾ ਸਕਦੀਆਂ ਹਨ।” ਲਿਨ ਨੇ ਕਿਹਾ ਕਿ ਚੀਨ ਮੌਜੂਦਾ ਤਣਾਅ ਨੂੰ ਘੱਟ ਕਰਨ ਵਿੱਚ ਰਚਨਾਤਮਕ ਭੂਮਿਕਾ ਨਿਭਾਉਣ ਲਈ ਬਾਕੀ ਕੌਮਾਂਤਰੀ ਭਾਈਚਾਰੇ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ।

## ਭਾਰਤ ਦੇ 24 ਏਅਰਪੋਰਟ ਬੰਦ, ਭਾਰਤ ਅਤੇ ਪਾਕਿ ਵਿਚਾਲੇ ਚਲ ਰਹੇ ਤਨਾਅ ਕਾਰਨ ਲਿਆ ਫੈਸਲਾ

ਨਵੀਂ ਦਿੱਲੀ, 9 ਮਈ (ਪ.ਪ) : ਭਾਰਤ ਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਮੱਦੇਨਜ਼ਰ, ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਇੱਕ ਐਡਵਾਇਜ਼ਰੀ ਜਾਰੀ ਕਰਕੇ ਜਾਣਕਾਰੀ ਦਿੱਤੀ ਹੈ ਕਿ ਦੇਸ਼ ਭਰ ਦੇ 24 ਹਵਾਈ ਅੱਡਿਆਂ ਨੂੰ ਵੀਰਵਾਰ ਸ਼ਾਮ ਤੱਕ ਉਡਾਨਾਂ ਸੰਚਾਲਨ ਲਈ ਅਸਥਾਈ ਤੌਰ ਤੇ ਬੰਦ ਕਰ ਦਿੱਤਾ ਗਿਆ ਹੈ।ਜੰਮੂ, ਪੰਜਾਬ, ਗੁਜਰਾਤ ਅਤੇ ਰਾਜਸਥਾਨ



ਦੇ ਭਾਰਤੀ ਸ਼ਹਿਰਾਂ ਤੇ ਪਾਕਿਸਤਾਨੀ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਤਣਾਅ ਹੋਰ ਵਧ ਗਿਆ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦੇ ਵਧਦੇ ਖ਼ਤਰੇ ਦੇ ਜਵਾਬ ਵਿੱਚ, ਕਈ ਭਾਰਤੀ ਏਅਰਲਾਈਨਾਂ ਨੇ ਯਾਤਰਾ ਸਲਾਹ ਜਾਰੀ ਕੀਤੀ ਹੈ, ਜਿਸ ਵਿੱਚ ਯਾਤਰੀਆਂ ਨੂੰ ਸੁਰੱਖਿਆ ਜਾਂਚ ਲਈ ਵਾਧੂ ਸਮਾਂ ਦੇਣ ਅਤੇ ਵਧੀਆਂ ਸੁਰੱਖਿਆ ਜਾਂਚਾਂ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ।ਮੰਤਰਾਲੇ ਨੇ ਹਵਾਈ ਅੱਡਿਆਂ ਦੇ ਬੰਦ ਹੋਣ ਦੀ ਮਿਆਦ ਜਾਂ ਇਸ ਕਦਮ ਦੇ ਪਿੱਛੇ ਦੇ ਕਾਰਨਾਂ ਦਾ ਜ਼ਿਕਰ ਨਹੀਂ ਕੀਤਾ। ਹਾਲਾਂਕਿ, ਹਵਾਈ ਅੱਡਿਆਂ ਨੂੰ ਬੰਦ ਕਰਨਾ ਇੱਕ ਵਿਆਪਕ ਸੁਰੱਖਿਆ ਪ੍ਰੋਟੋਕੋਲ ਦਾ ਹਿੱਸਾ ਹੈ, ਜਿਸ ਵਿੱਚ ਬਹੁਤ ਸਾਰੇ ਪ੍ਰਭਾਵਿਤ ਹਵਾਈ ਅੱਡੇ ਅੰਤਰਰਾਸ਼ਟਰੀ ਸਰਹੱਦਾਂ ਦੇ ਨੇੜੇ ਜਾਂ ਰਣਨੀਤਕ ਤੌਰ ’ਤੇ ਮਹੱਤਵਪੂਰਨ ਖੇਤਰਾਂ ਵਿੱਚ ਸਥਿਤ ਹਨ।ਨਾਗਰਿਕ ਉਡਾਨਾਂ ਦੇ ਮੁਅੱਤਲ ਹੋਣ ਨਾਲ ਉੱਤਰੀ ਅਤੇ ਪੱਛਮੀ ਭਾਰਤ ਵਿੱਚ ਸੰਪਰਕ ਪ੍ਰਭਾਵਿਤ ਹੋਣ ਦੀ ਉਮੀਦ ਹੈ, ਅਤੇ ਯਾਤਰੀਆਂ ਨੂੰ ਹਵਾਈ ਅੱਡਿਆਂ ’ਤੇ ਜਾਣ ਤੋਂ ਪਹਿਲਾਂ ਏਅਰਲਾਈਨਾਂ ਨਾਲ ਜਾਂਚ ਕਰਨ ਦੀ ਅਪੀਲ ਕੀਤੀ ਗਈ ਹੈ। ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਨੇ ਦੇਸ਼ ਦੀਆਂ ਸਾਰੀਆਂ ਏਅਰਲਾਈਨਾਂ ਅਤੇ ਹਵਾਈ ਅੱਡਿਆਂ ਨੂੰ ਸੁਰੱਖਿਆ ਉਪਾਅ ਮਜ਼ਬੂਤ ਕਰਨ ਦੀ ਸਲਾਹ ਦਿੱਤੀ ਹੈ।

## ਜੈਸਲਮੇਰ ’ਚ ਮਿਲੇ ਪਾਕਿ ਹਮਲੇ ਦੇ ਸਬੂਤ !

# ਮਿਲੀ ਬੰਬ ਵਰਗੀ ਚੀਜ਼, ਪੁਲਿਸ ਨੇ ਇਲਾਕੇ ਦੀ ਕੀਤੀ ਘੇਰਾਬੰਦੀ

ਜੈਪੁਰ, 9 ਮਈ (ਪ.ਪ): ਰਾਜਸਥਾਨ ਦੇ ਜੈਸਲਮੇਰ ਦੇ ਕਿਸ਼ਨਘਾਟ ਇਲਾਕੇ ਵਿਚ ਸ਼ੁੱਕਰਵਾਰ ਸਵੇਰੇ ਇਕ ਬੰਬ ਵਰਗੀ ਚੀਜ਼ ਮਿਲੀ, ਜਿਸ ਤੋਂ ਬਾਅਦ ਸਥਾਨਕ ਪੁਲਸ ਅਤੇ ਹਵਾਈ ਫ਼ੌਜ ਨੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ। ਪੁਲਸ ਮੁਤਾਬਕ ਇਹ ਚੀਜ਼ ਕੋਤਵਾਲੀ ਥਾਣਾ ਖੇਤਰ ਦੇ ਅਧੀਨ ਕਿਸ਼ਨਘਾਟ ਦੇ ਸਾਹਮਣੇ ਸਥਿਤ ਜੋਗੀਆਂ ਦੀ ਕਾਲੋਨੀ ਚ ਇਕ ਨਰਸਰੀ ਦੇ ਕੋਲ ਪਈ ਮਿਲੀ। ਕੋਤਵਾਲੀ ਪੁਲਸ ਸਟੇਸ਼ਨ ਦੇ ਅਧਿਕਾਰੀ ਪ੍ਰੇਮ ਦਾਨ ਨੇ ਕਿਹਾ ਕਿ ਇਹ ਬੰਬ ਵਰਗੀ ਵਸਤੂ ਲੱਗਦੀ ਹੈ ਅਤੇ ਫੌਜ ਦੇ ਮਾਹਰ ਇਸ ਨੂੰ ਨਕਾਰਾ ਕਰਨ ਲਈ ਕਿਸ਼ਨਘਾਟ ਗਏ। ਉਨ੍ਹਾਂ ਨੇ ਕਿਹਾ ਕਿ ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਬੰਬ ਵਰਗੀ ਵਸਤੂ ਕਿਸ ਹਾਲਤ ਚ ਹੈ, ਇਹ ਜ਼ਿੰਦਾ ਹੈ ਜਾਂ ਨਸ਼ਟ ਹੋ ਗਈ ਹੈ। ਸਥਾਨਕ ਨਿਵਾਸੀ ਅਰਜੁਨ ਨਾਥ ਨੇ ਇਹ ਬੰਬ ਵਰਗੀ ਚੀਜ਼ ਦੇਖੀ ਅਤੇ ਤੁਰੰਤ ਕਿਸ਼ਨਘਾਟ ਦੇ ਸਰਪੰਚ ਪ੍ਰਤੀਨਿਧੀ ਕਲਿਆਣ ਰਾਮ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਅਧਿਕਾਰੀਆਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਸਥਾਨਕ ਪੁਲਸ ਅਤੇ ਭਾਰਤੀ ਹਵਾਈ ਫ਼ੌਜ ਦੀਆਂ ਟੀਮਾਂ ਮੌਕੇ ਤੇ ਪਹੁੰਚ ਗਈਆਂ।ਸਾਵਧਾਨੀ ਵਜੋਂ ਇਲਾਕੇ ਨੂੰ ਘੇਰ ਲਿਆ ਗਿਆ ਹੈ ਅਤੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।



ਸੂਤਰਾਂ ਮੁਤਾਬਕ ਇਹ ਚੀਜ਼ ਵੀਰਵਾਰ ਰਾਤ ਲਗਭਗ 10.30 ਵਜੇ ਪਾਕਿਸਤਾਨ ਵੱਲੋਂ ਜੈਸਲਮੇਰ ਵੱਲ ਭੇਜੇ ਗਏ ਡਰੋਨ ਦੇ ਹਿੱਸਿਆਂ ਵਰਗੀ ਲੱਗ ਰਹੀ ਸੀ। ਹਾਲਾਂਕਿ ਅਧਿਕਾਰਤ ਪੁਸ਼ਟੀ ਦੀ ਉਡੀਕ ਹੈ। ਅਧਿਕਾਰੀਆਂ ਨੇ ਨਿਵਾਸੀਆਂ ਨੂੰ ਸ਼ਾਂਤ ਰਹਿਣ ਅਤੇ ਸੁਰੱਖਿਆ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਇਲਾਕੇ ਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।

**ਸ਼ਾਮ 5 ਵਜੇ ਮਗਰੋਂ ਸਾਰੇ ਬਾਜ਼ਾਰ ਬੰਦ, ਸਵੇਰੇ 6 ਵਜੇ ਤੱਕ ਰਹੇਗਾ ਬਲੈਕ ਆਊਟ:** ਭਾਰਤ-ਪਾਕਿਸਤਾਨ ਤਣਾਅ ਦਰਮਿਆਨ ਵੱਡੀ ਖ਼ਬਰ ਸਾਹਮਣੇ ਆਈ ਹੈ। ਰਾਜਸਥਾਨ ਦੇ ਜੈਸਲਮੇਰ ਪ੍ਰਸ਼ਾਸਨ ਨੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਇਸ ਨਿਰਦੇਸ਼ ਵਿਚ ਸ਼ਾਮ 5 ਵਜੇ ਤੋਂ ਸਾਰੇ ਬਾਜ਼ਾਰ ਬੰਦ ਕਰ ਦਿੱਤੇ ਜਾਣਗੇ ਅਤੇ ਸ਼ਾਮ 6 ਵਜੇ ਤੋਂ ਸਵੇਰੇ 6 ਵਜੇ ਤੱਕ ਬਲੈਕ ਆਊਟ ਰਹੇਗਾ। ਦੱਸ ਦੇਈਏ ਕਿ ਭਾਰਤ ਵਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਮਗਰੋਂ ਪਾਕਿਸਤਾਨ ਬੌਖਲਾ ਗਿਆ ਹੈ। ਪਾਕਿਸਤਾਨ, ਭਾਰਤ ਦੇ ਆਪ੍ਰੇਸ਼ਨ ਸਿੰਦੂਰ ਤੋਂ ਬੌਖਲਾ ਗਿਆ ਹੈ। ਵੀਰਵਾਰ ਰਾਤ ਨੂੰ ਜੰਮੂ, ਪਠਾਨਕੋਟ ਅਤੇ ਊਧਮਪੁਰ ਚ ਕਈ ਥਾਵਾਂ ਤੇ ਪਾਕਿਸਤਾਨ ਨੇ ਡਰੋਨ ਅਤੇ ਮਿਜ਼ਾਈਲ ਤੋਂ ਹਮਲੇ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਚੌਕਸ ਭਾਰਤੀ ਫ਼ੌਜ ਨੇ ਉਨ੍ਹਾਂ ਦੇ ਸਾਰੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ।ਜ਼ਿਕਰਯੋਗ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ ਹਮਲੇ ਦੇ ਜਵਾਬ ਵਿਚ ਭਾਰਤੀ ਹਥਿਆਰਬੰਦ ਬਲਾਂ ਵਲੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਅੱਤਵਾਦੀਆਂ ਦੇ 9 ਟਿਕਾਣਿਆਂ ਨੂੰ ਨਸ਼ਟ ਕੀਤਾ ਗਿਆ। ਭਾਰਤ ਵਲੋਂ ਇਸ ਨੂੰ ਆਪ੍ਰੇਸ਼ਨ ਸਿੰਦੂਰ ਦਾ ਨਾਂ ਦਿੱਤਾ ਗਿਆ। ਭਾਰਤ ਦੇ ਇਸ ਜਵਾਬ ਮਗਰੋਂ ਪਾਕਿਸਤਾਨ ਪੂਰੀ ਤਰ੍ਹਾਂ ਬੌਖਲਾ ਗਿਆ ਹੈ। ਜਿਸ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧ ਗਿਆ ਹੈ।

## ਭਾਰਤ-ਈਰਾਨ ਸੰਯੁਕਤ ਕਮਿਸ਼ਨ ਦੀ ਮੀਟਿੰਗ ’ਚ ਜੈਸ਼ੰਕਰ ਦਾ ਪਾਕਿਸਤਾਨ ਨੂੰ ਸਪੱਸ਼ਟ ਸੰਦੇਸ਼

ਨਵੀਂ ਦਿੱਲੀ, 9 ਮਈ (ਪ.ਪ) :ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ, ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵੀਰਵਾਰ, 8 ਮਈ ਨੂੰ ਆਪਣੇ ਈਰਾਨੀ ਹਮਰੁਤਬਾ ਅੱਬਾਸ ਅਰਾਘਚੀ



ਨਾਲ ਵਿਆਪਕ ਗੱਲਬਾਤ ਕੀਤੀ। ਦਿੱਲੀ ਵਿਚ ਹੋਈ ਭਾਰਤ ਅਤੇ ਈਰਾਨ ਵਿਚਾਲੇ 20ਵੀਂ ਸੰਯੁਕਤ ਕਮਿਸ਼ਨ ਦੀ ਮੀਟਿੰਗ ਵਿੱਚ ਆਪਣੇ ਉਦਘਾਟਨੀ ਭਾਸ਼ਣ ਵਿੱਚ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਭਾਰਤ ਪਾਕਿਸਤਾਨ ਨਾਲ ਚੱਲ ਰਹੇ ਤਣਾਅ ਨੂੰ ਨਹੀਂ ਵਧਾਉਣਾ ਚਾਹੁੰਦਾ, ਪਰ ਜੇਕਰ ਉਸ ਵੱਲੋਂ ਕੋਈ ਫੌਜੀ ਕਾਰਵਾਈ ਕੀਤੀ ਜਾਂਦੀ ਹੈ, ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਭਾਰਤ ਸਖ਼ਤ ਜਵਾਬ ਦੇਵੇਗਾ। ਭਾਰਤ ਦੇ ਨਜ਼ਦੀਕੀ ਭਾਈਵਾਲ ਅਤੇ ਗੁਆਂਢੀ ਹੋਣ ਦੇ ਨਾਤੇ, ਤੁਹਾਨੂੰ (ਈਰਾਨ) ਸਥਿਤੀ ਦੀ ਸਪਸ਼ਟ ਸਮਝ ਹੋਣੀ ਚਾਹੀਦੀ ਹੈ।ਈਰਾਨ ਨਾਲ ਭਾਰਤ ਦੇ ਨੇੜਲੇ ਅਤੇ ਮਜ਼ਬੂਤ ਸਬੰਧਾਂ ’ਤੇ ਬੋਲਣ ਤੋਂ ਬਾਅਦ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਅੱਬਾਸ ਅਰਾਘਚੀ ਨੂੰ ਕਿਹਾ,“ਤੁਸੀਂ ਅਜਿਹੇ ਸਮੇਂ ਭਾਰਤ ਦਾ ਦੌਰਾ ਕਰ ਰਹੇ ਹੋ ਜਦੋਂ ਅਸੀਂ 22 ਅਪ੍ਰੈਲ ਨੂੰ ਭਾਰਤੀ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਵਿੱਚ ਹੋਏ ਇੱਕ ਖਾਸ ਤੌਰ ’ਤੇ ਵਹਿਸ਼ੀ ਹਮਲੇ ਦਾ ਜਵਾਬ ਦੇ ਰਹੇ ਹਾਂ।ਇਸ ਹਮਲੇ ਨੇ ਸਾਨੂੰ 7 ਮਈ ਨੂੰ ਸਰਹੱਦ ਪਾਰ ਅੱਤਵਾਦੀ ਢਾਂਚੇ ’ਤੇ ਹਮਲਾ ਕਰਕੇ ਜਵਾਬ ਦੇਣ ਲਈ ਮਜਬੂਰ ਕੀਤਾ। ਸਾਡਾ ਇਰਾਦਾ ਸਥਿਤੀ ਨੂੰ ਵਧਾਉਣਾ ਨਹੀਂ ਹੈ। ਪਰ ਜੇਕਰ ਸਾਡੇ ’ਤੇ ਫੌਜੀ ਹਮਲਾ ਕੀਤਾ ਜਾਂਦਾ ਹੈ, ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਬਹੁਤ ਸਖ਼ਤ ਜਵਾਬ ਦਿੱਤਾ ਜਾਵੇਗਾ। ਇੱਕ ਗੁਆਂਢੀ ਅਤੇ ਨਜ਼ਦੀਕੀ ਭਾਈਵਾਲ ਹੋਣ ਦੇ ਨਾਤੇ, ਇਹ ਮਹੱਤਵਪੂਰਨ ਹੈ ਕਿ ਤੁਹਾਨੂੰ ਸਥਿਤੀ ਦੀ ਚੰਗੀ ਸਮਝ ਹੋਵੇ।

## ਸੰਪਾਦਕੀ

# ਸਭ ਤੋਂ ਖ਼ਤਰਨਾਕ ਨਸ਼ੇ ਦਾ ਵਪਾਰ

ਦੁਨੀਆਂ ਵਿੱਚ ਸਭ ਤੋਂ ਖ਼ਤਰਨਾਕ ਚੀਜ਼ ਜੇਕਰ ਕੋਈ ਚੀਜ਼ ਹੈ, ਤਾਂ ਉਹ ਨਸ਼ੇ ਦਾ ਵਪਾਰ ਹੈ। ਇਸ ਰਾਹੀਂ ਅੱਤਵਾਦ ਆਦਿ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।ਹਰ ਸਾਲ ਲੱਖਾਂ ਨੌਜਵਾਨਾਂ ਦੀ ਸਮੇਂ ਤੋਂ ਪਹਿਲਾਂ ਮੌਤ ਹੋ ਜਾਂਦੀ ਹੈ। ਇਸ ਲਈ ਸਰਕਾਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸ ਨੂੰ ਰੋਕਣ ਲਈ ਹੋਰ ਸਾਵਧਾਨ ਰਹਿਣ ਪਰ ਲੱਗਦਾ ਹੈ ਕਿ ਭਾਰਤ ਇਸ ਕਾਰੋਬਾਰ ਲਈ ਸਭ ਤੋਂ ਸੁਰੱਖਿਅਤ ਸਥਾਨ ਬਣਦਾ ਜਾ ਰਿਹਾ ਹੈ, ਨਹੀਂ ਤਾਂ ਕੀ ਕਾਰਨ ਹੈ ਕਿ ਇੱਥੇ ਹਰ ਥੋੜ੍ਹੇ ਦਿਨ ਬਾਅਦ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਫੜੀਆਂ ਜਾਂਦੀਆਂ ਹਨ ? ਹਾਲ ਹੀ 'ਚ ਪੋਰਬੰਦਰ ਦੀ ਬੰਦਰਗਾਹ ਤੋਂ 33 ਸੌ ਕਿਲੋ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਹੋਈ ਸੀ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ ਕਰੀਬ ਦੋ ਹਜ਼ਾਰ ਕਰੋੜ ਰੁਪਏ ਦੱਸੀ ਜਾਂਦੀ ਹੈ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਸੋਮਨਾਥ ਦੇ ਵੇਰਾਵਲ ਘਾਟ ਤੋਂ ਕਰੀਬ 350 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਹੋਈ ਸੀ। ਪਿਛਲੇ ਸਾਲ ਮੁੰਦਰਾ ਬੰਦਰਗਾਹ 'ਤੇ ਇਕ ਜਹਾਜ਼ ਦੀ ਅਚਨਚੇਤ ਜਾਂਚ ਦੌਰਾਨ ਲਗਭਗ 15,000 ਕਰੋੜ ਰੁਪਏ ਦੀ ਖੇਪ ਜ਼ਬਤ ਕੀਤੀ ਗਈ ਸੀ। ਇਸ ਤਰ੍ਹਾਂ ਹਰ ਰੋਜ਼ ਵੱਖ-ਵੱਖ ਥਾਵਾਂ ਤੋਂ ਛੋਟੀਆਂ-ਛੋਟੀਆਂ ਖੇਪਾਂ ਫੜੀਆਂ ਜਾਂਦੀਆਂ ਹਨ। ਬਿਨਾਂ ਸ਼ੱਕ ਇਸ ਨੂੰ ਪੁਲਿਸ ਅਤੇ ਸਬੰਧਿਤ ਨਸ਼ਾ ਵਿਰੋਧੀ ਵਿਭਾਗ ਦੀ ਸਰਗਰਮੀ ਕਿਹਾ ਜਾ ਸਕਦਾ ਹੈ ਪਰ ਸਵਾਲ ਇਹ ਹੈ ਕਿ ਇੰਨੇ ਵੱਡੇ ਪੱਧਰ 'ਤੇ ਹੋ ਰਹੇ ਨਸ਼ਿਆਂ ਦੇ ਕਾਰੋਬਾਰ 'ਤੇ ਲਗਾਮ ਕਿਉਂ ਨਹੀਂ ਲਗਾਈ ਜਾ ਰਹੀ ।ਨਸ਼ੀਲੇ ਪਦਾਰਥਾਂ ਦੀਆਂ ਵੱਡੀਆਂ ਖੇਪਾਂ ਫੜੇ ਜਾਣ ਦੀਆਂ ਖਬਰਾਂ ਆ ਰਹੀਆਂ ਹਨ ਪਰ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ ਇਹ ਨਸ਼ੀਲੇ ਪਦਾਰਥ ਨਿਗਰਾਨੀ ਪ੍ਰਣਾਲੀ ਤੋਂ ਕਿੰਨਾ ਬਚਿਆ ਹੋਵੇਗਾ। ਸਵਾਲ ਇਹ ਹੈ ਕਿ ਇੱਕ ਜਾਂ ਦੋ ਗ੍ਰਾਮ ਨਸ਼ੀਲੇ ਪਦਾਰਥਾਂ ਸਮੇਤ ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਮਹੀਨਿਆਂ ਬੱਧੀ ਸਲਾਖਾਂ ਪਿੱਛੇ ਰੱਖਣ ਵਾਲਾ ਨਾਰਕੋਟਿਕਸ ਵਿਭਾਗ ਇਨ੍ਹਾਂ ਵੱਡੀਆਂ ਖੇਪਾਂ 'ਤੇ ਨਜ਼ਰ ਰੱਖਣ ਵਿੱਚ ਕਿਵੇਂ ਨਾਕਾਮ ਰਹਿੰਦਾ ਹੈ। ਸਮੁੰਦਰ ਰਾਹੀਂ ਨਸ਼ਿਆਂ ਦਾ ਵਪਾਰ ਕੋਈ ਛੁਪੀ ਗੱਲ ਨਹੀਂ ਹੈ। ਇਸ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ,ਕਿਉਂਕਿ ਬੰਦਰਗਾਹਾਂ 'ਤੇ ਮਾਲ ਦੇ ਉਤਰਨ ਦਾ ਕੋਈ ਨਿਯਮਤ ਨਿਰੀਖਣ ਨਹੀਂ ਹੁੰਦਾ ਹੈ। ਕਈ ਵਾਰ, ਅਚਨਚੇਤ ਨਿਰੀਖਣ ਦੌਰਾਨ, ਕੁਝ ਸ਼ੱਕੀ ਵਸਤੂਆਂ ਅਤੇ ਨਸ਼ੀਲੇ ਪਦਾਰਥਾਂ ਦੀ ਪਛਾਣ ਕੀਤੀ ਜਾਂਦੀ ਹੈ। ਇੰਨੇ ਸਾਰੇ ਮਾਮਲੇ ਲਗਾਤਾਰ ਸਾਹਮਣੇ ਆਉਣ ਦੇ ਬਾਵਜੂਦ ਇਹ ਸਮਝਣਾ ਮੁਸ਼ਕਲ ਹੈ ਕਿ ਬੰਦਰਗਾਹਾਂ 'ਤੇ ਨਿਗਰਾਨੀ ਕਿਉਂ ਨਹੀਂ ਕੀਤੀ ਜਾਂਦੀ।

# ਦੇਸ਼ ਦੀ ਤਰੱਕੀ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਓ

ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਚਿੱਟੇ 'ਤੇ ਹੋਰ ਸਾਰੇ ਤਰ੍ਹਾਂ ਦੇ ਨਸ਼ਿਆਂ ਖ਼ਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸ਼ਰਾਬ,ਬੀਅਰ ਤੋਂ ਇਲਾਵਾ ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਚਿੱਟੇ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰ੍ਹਿਆਂ ਤੋਂ ਪੰਜਾਬ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ। ਇਸ ਚਿੱਟੇ ਨੇ ਕਈ ਮਾਵਾਂ ਤੋਂ ਪੁੱਤ ਖੋਹ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਨਸ਼ੇ ਦੀਆਂ ਆਦੀ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜ੍ਹੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦੀ ਬਣਦੀ ਜਾ ਰਹੀ ਹੈ। ਕਈ ਤਾਂ ਚਿੱਟਾ,ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ,ਚਰਸ, ਹੈਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾਂ ਦਾ ਕੋਈ ਨੁਕਸਾਨ ਨਹੀਂ , ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ । ਤੁਹਾਡੀ ਜ਼ਿੰਦਗੀ ਖ਼ਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜ਼ਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਂਦਾ ਹੈ। ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ਼ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ਼ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜ਼ਾਕ 'ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਂਕ ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ, ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ, ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ, ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ੱਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ ,ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ,ਬਹੁਤੀਆਂ ਲੜਾਈਆਂ,ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵੱਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਚਿੱਟੇ ਦੇ ਖ਼ਿਲਾਫ ਨਸ਼ਾ ਛੁਡਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ 'ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋ ਹੀ ਇਸ ਕੰਮ ਦੀ ਸ਼ੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ ?। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਚਿੱਟੇ ਨੇ ਪੁੱਤ ਖੋਹ ਲਏ ਮਾਂਵਾਂ ਦੇ।

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ,ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਦੇਸ਼ ਦੀ ਤਰੱਕੀ ਅਗਰ ਚਾਹੁੰਦੇ ਹਾਂ ਤਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉ। ਆਓ ਅਸੀਂ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਚਿੱਟੇ ਆਦਿ ਨਸ਼ਿਆਂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ।

# ਲੋਕ ਨਾ ਸਮਝੇ ਤਾਂ ਪੰਜਾਬ ਵਿੱਚ ਪਾਣੀ ਖ਼ਤਮ ਹੋ ਜਾਵੇਗਾ

ਅੱਜ ਦੁਨੀਆਂ ਵਿਚ ਜਿਹੜੀ ਮਹੱਤਵਪੂਰਨ ਚੀਜ਼ ਹੈ, ਉਹ ਹੈ ਪਾਣੀ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਅੱਜ ਮਾਰੂਥਲ ਬਣਨ ਦੇ ਕਿਨਾਰੇ ਪੁੱਜ ਚੁੱਕੀ ਹੈ। ਪੰਜਾਬ ਦੇ ਕੁੱਲ 138 ਬਲਾਕਾਂ ਵਿੱਚੋਂ 11 ਦਾ ਧਰਤੀ ਹੇਠਲਾ ਪਾਣੀ ਲਗਭਗ ਖ਼ਤਮ ਹੈ। ਨਾਸਾ ਨੇ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਪੰਜਾਬ ਕੋਲ ਕੁਝ ਸਾਲਾਂ ਦਾ ਹੀ ਪਾਣੀ ਬਚਿਆ ਹੈ। ਹੁਣ ਸਵਾਲ ਇਹ ਨਹੀਂ ਕਿ ਪੰਜਾਬ ਮਾਰੂਥਲ ਬਣ ਜਾਵੇਗਾ ਜਾਂ ਨਹੀਂ, ਹੁਣ ਤਾਂ ਗੱਲ ਇਹ ਹੈ ਕਿ ਇਸ ਸਭ ਲਈ ਕਿੰਨਾ ਸਮਾਂ ਰਹਿ ਗਿਆ ਹੈ। ਪੰਜਾਬੀਆਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਕਿ ਉਨ੍ਹਾਂ ਨਾਲ ਕੀ ਹੋਣ ਜਾ ਰਿਹਾ ਹੈ। ਪੰਜ ਦਰਿਆਵਾਂ ਦੀ ਧਰਤੀ ਮਾਰੂਥਲ ਬਣ ਜਾਵੇਗੀ, ਇਹ ਕਿੱਦਾਂ ਹੋ ਗਿਆ ? ਇਸ ਬੁਝਾਰਤ ਨੂੰ ਸਮਝਣ ਲਈ ਸਾਨੂੰ 75-76 ਸਾਲ ਪਿੱਛੇ ਜਾਣਾ ਪੈਣਾ ਹੈ। ਪੰਜਾਬ ਵਿਚ ਇਹ ਬਰਬਾਦੀ ਤਾਂ ਆਜ਼ਾਦੀ ਮਿਲਣ ਦੇ ਨਾਲ ਹੀ ਸ਼ੁਰੂ ਹੋ ਗਈ ਸੀ ਪੰਜਾਬ ਦੇ ਦਰਿਆਵਾਂ ਨੂੰ ਲੁੱਟਣ ਦੇ ਮਾਸਟਰ ਪਲਾਨ ਤਹਿਤ। ਸੰਨ 1947 ਤੋਂ ਪਹਿਲਾਂ ਪੰਜਾਬ ਤੋਂ ਬਾਹਰ ਪਾਣੀ ਜਾਂਦਾ ਸੀ। ਉਹ ਬੀਕਾਨੇਰ (ਰਾਜਸਥਾਨ) ਨੂੰ ਫਿਰੋਜ਼ਪੁਰ ਤੋਂ ਨਹਿਰ ਰਾਹੀਂ ਜਾਂਦਾ ਸੀ। ਇਹ ਨਹਿਰ ਪੰਜਾਬ ਤੋਂ ਬਾਹਰ ਜਾਂਦੀ ਸੀ।

ਉਹ ਪਾਣੀ ਮੁਫ਼ਤ ਨਹੀਂ ਸੀ। ਬੀਕਾਨੇਰ ਦਾ ਰਾਜਾ ਪੈਸੇ ਦਿੰਦਾ ਸੀ। ਪੰਜਾਬ ਨੂੰ 1947 ਤੱਕ ਉਸ ਦੇ ਪੈਸੇ ਮਿਲਦੇ ਰਹੇ। ਸੰਨ 1947 ਤੋਂ ਬਾਅਦ ਭਾਰਤ ਸਰਕਾਰ ਨੇ ਸਭ ਤੋਂ ਪਹਿਲਾਂ ਕੰਮ ਇਹੀ ਕੀਤਾ ਕਿ ਜਿਹੜਾ ਬੀਕਾਨੇਰ (ਰਾਜਸਥਾਨ) ਨੂੰ ਪਾਣੀ ਜਾਂਦਾ ਸੀ, ਉਹ ਮੁਫ਼ਤ ਕਰ ਦਿੱਤਾ। ਸਿਰਫ਼ ਇੰਨਾ ਹੀ ਨਹੀਂ, 1950 ਵਿਚ ਪੰਡਿਤ ਜਵਾਹਰਲਾਲ ਨਹਿਰੂ ਦੇ ਸਮੇਂ ਪੰਜਾਬ ਦੇ ਦਰਿਆਵਾਂ ਨੂੰ ਜਿਹੜੀ ਜੋੜਨ ਦੀ ਮਾਸਟਰ ਪਲਾਨ ਦੀ ਤਿਆਰੀ ਸ਼ੁਰੂ ਹੋਈ ਸੀ, ਉਂਜ ਤਾਂ ਉਸ ਦਾ ਬਲਿਊ ਪ੍ਰਿੰਟ 1948 ਵਿਚ ਤਿਆਰ ਹੋ ਗਿਆ ਸੀ ਪਰ 1950 ਵਿਚ ਇਸ ਦਾ ਕੰਮ ਪੂਰੀ ਤਰ੍ਹਾਂ ਸ਼ੁਰੂ ਹੋ ਗਿਆ ਸੀ। ਉਦੋਂ ਗੁਲਜ਼ਾਰੀ ਲਾਲ ਨੰਦਾ ਕੇਂਦਰ ਸਰਕਾਰ ਵਿਚ ਊਰਜਾ ਅਤੇ ਸਿੰਚਾਈ ਮੰਤਰੀ ਸਨ। ਉਹ ਪਲਾਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਵੀ ਸਨ। ਉਨ੍ਹਾਂ ਦੀ ਦੇਖ-ਰੇਖ ਵਿਚ ਦੋ ਵੱਡੇ ਪ੍ਰਾਜੈਕਟ ਚੱਲੇ, ਜਿਨ੍ਹਾਂ 'ਚੋਂ ਇਕ ਭਾਖੜਾ ਨੰਗਲ ਸੀ ਤੇ ਦੂਜਾ ਬਿਆਸ ਪ੍ਰਾਜੈਕਟ ਸੀ। ਜਿਸ ਲਈ ਉਨ੍ਹਾਂ ਨੇ ਬਿਆਸ-ਸਤਲੁਜ ਲਿੰਕ ਨਹਿਰ ਕੱਢੀ। ਹਿਮਾਚਲ ਪ੍ਰਦੇਸ਼ ਵਿਚ ਮੰਡੀ ਦੇ ਕੋਲ ਪੰਡੋਹ ਡੈਮ 'ਤੇ ਬਿਆਸ ਦੇ ਪਾਣੀ ਨੂੰ ਬੰਨ੍ਹ ਲਾ ਲਿਆ। ਉੱਥੇ ਤੋਂ 12 ਕਿੱਲੋਮੀਟਰ ਲੰਬੀ ਸੁਰੰਗ ਪੁੱਟੀ। ਫਿਰ ਸੁੰਦਰਨਗਰ ਤੱਕ 20 ਕਿੱਲੋਮੀਟਰ ਤੱਕ ਓਪਨ ਚੈਨਲ ਹੈ (ਖੁੱਲ੍ਹੀ ਨਹਿਰ) ਜਿਸ ਰਾਹੀਂ ਪਾਣੀ ਲੈ ਕੇ ਗਏ। ਉਕਤ ਨਹਿਰ ਤੋਂ ਅੱਗੇ ਫਿਰ ਸਤਲੁਜ ਤੱਕ 12 ਕਿੱਲੋਮੀਟਰ ਲੰਬੀ ਸੁਰੰਗ ਹੈ। ਇਹ ਸਾਰਾ ਸਤਲੁਜ ਤੇ ਬਿਆਸ ਦਾ ਪਾਣੀ ਹੈ, ਜਿਸ ਨੂੰ ਵਿਚ ਭਾਖੜਾ ਡੈਮ ਨਾਲ ਰੋਕਿਆ ਗਿਆ ਹੈ। ਫਿਰ ਇਹ ਪਾਣੀ ਪੱਕੀਆਂ ਨਹਿਰਾਂ ਰਾਹੀਂ ਪੰਜਾਬ ਤੋਂ ਬਾਹਰ ਜਾਂਦਾ ਹੈ। ਇਹ ਜਿਹੜੀ ਭਾਖੜਾ ਮੇਨ ਲਾਈਨ ਹੈ 1954 ਦੀ ਨਿਕਲੀ ਹੋਈ ਇਸ ਨਹਿਰ ਰਾਹੀਂ ਦਿੱਲੀ, ਹਰਿਆਣਾ ਤੇ ਰਾਜਸਥਾਨ ਤੱਕ ਪਾਣੀ ਜਾਂਦਾ ਹੈ। ਸਤਲੁਜ ਤਾਂ ਨਾਮ ਦਾ ਹੀ ਦਰਿਆ ਹੈ। ਇਸ ਵਿਚ ਤਾਂ ਪਾਣੀ ਉਦੋਂ ਆਉਂਦਾ ਹੈ ਜਦੋਂ ਹੜ੍ਹ ਆਉਣੇ ਹੋਣ ਜਾਂ ਜਦੋਂ ਭਾਖੜਾ ਬੰਨ੍ਹ ਤੋਂ ਪਾਣੀ ਛੱਡਿਆ ਜਾਂਦਾ ਹੈ। ਰਾਵੀ ਦਰਿਆ ਦੇ ਪਾਣੀ ਨੂੰ ਪਠਾਨਕੋਟ ਦੇ ਮਾਧੋਪੁਰ ਰਾਵੀ-ਬਿਆਸ ਲਿੰਕ ਨਹਿਰ ਪੁੱਟ ਕੇ ਬਿਆਸ ਦਰਿਆ ਵਿਚ ਪਾਇਆ ਗਿਆ। ਨਾਲ ਉੱਧਰ ਫਿਰੋਜ਼ਪੁਰ ਤੋਂ ਥੋੜ੍ਹਾ ਜਿਹਾ ਉੱਪਰ ਹਰੀਕੇ ਪੱਤਣ ਹੈ ਜਿੱਥੇ ਬਿਆਸ ਤੇ ਸਤਲੁਜ ਆਪਸ ਵਿਚ ਮਿਲਦੇ ਨੇ, ਉੱਥੇ ਡੈਮ ਬਣਾ ਲਿਆ। ਹਰੀਕੇ 'ਤੇ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਰੋਕ ਲਿਆ। ਹਰੀਕੇ ਤੋਂ ਦੋ ਪੱਕੀਆਂ ਨਹਿਰਾਂ ਕੱਢੀਆਂ ਗਈਆਂ ਰਾਜਸਥਾਨ ਲਈ। ਇਕ ਤਾਂ 1953 ਵਿਚ ਅਤੇ ਦੂਜੀ ਇੰਦਰਾ ਗਾਂਧੀ ਨਹਿਰ 1961 ਵਿਚ ਨਿਕਲੀ, ਜਿਹੜੀ ਜੈਸਲਮੇਰ ਤੱਕ ਜਾਂਦੀ ਹੈ ਪੰਜਾਬ ਦਾ ਪਾਣੀ ਲੈ ਕੇ। ਭਾਰਤ ਸਰਕਾਰ ਨੇ ਰਾਜਸਥਾਨ ਦੇ ਥਾਰ ਮਾਰੂਥਲ ਦੀ ਸਿੰਚਾਈ ਲਈ ਹਰੀਕੇ ਤੋਂ ਦੋ ਪੱਕੀਆਂ ਨਹਿਰਾਂ ਕੱਢਣ ਦੀ ਮੰਗ ਵਰਲਡ ਬੈਂਕ ਸਾਹਮਣੇ ਰੱਖੀ ਸੀ। ਵਰਲਡ ਬੈਂਕ ਤਾਂ ਇਹ ਆਖਦਾ ਸੀ, "ਇਹ ਪੰਜਾਬ ਦੀ ਵੀ ਬਰਬਾਦੀ ਹੈ ਤੇ ਪਾਣੀਆਂ ਦੀ ਵੀ।" ਉਸ ਵੱਲੋਂ ਇਹ ਪ੍ਰਸਤਾਵ ਰੱਦ ਕਰਨ ਦੇ ਬਾਵਜੂਦ ਇਹ ਨਹਿਰਾਂ ਕੱਢੀਆਂ ਗਈਆਂ।

650 ਕਿੱਲੋਮੀਟਰ ਲੰਬੀ ਇਹ ਨਹਿਰ ਬੀਕਾਨੇਰ ਤੇ ਜੈਸਲਮੇਰ ਦੇ ਮਾਰੂਥਲ ਨੂੰ ਆਬਾਦ ਕਰਨ ਲਈ ਜਾਂਦੀ ਹੈ। ਜਦੋਂ ਲੰਬੇ ਸੰਘਰਸ਼ ਤੋਂ ਬਾਅਦ ਪੰਜਾਬੀ ਸੂਬਾ ਬਣਾਉਣ ਦੀ ਮੰਗ ਮੰਨ ਲਈ ਗਈ ਤਾਂ ਕੇਂਦਰ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਨੂੰ ਫਿਰ ਆਪਣੇ ਅਧਿਕਾਰ ਖੇਤਰ ਵਿਚ ਰੱਖ ਲਿਆ। ਸਾਫ਼ ਗੱਲ ਇਹ ਹੈ ਕਿ ਪੰਜਾਬ ਕਦੇ ਦਿੱਲੀ ਦੀ ਮਨਜ਼ੂਰੀ ਤੋਂ ਬਿਨਾਂ ਇਕ ਸੂਆ ਵੀ ਨਹੀਂ ਪੁੱਟ ਸਕਦਾ। ਪੰਜਾਬ ਦੇ ਕੁੱਲ ਪਾਣੀਆਂ ਦਾ 75.5% ਤੋਂ ਵੀ ਵੱਧ ਹਿੱਸਾ ਕੇਂਦਰ ਸਰਕਾਰ ਨੇ ਪੰਜਾਬ ਤੋਂ ਖੋਹ ਕੇ ਬਾਕੀ ਸੂਬਿਆਂ ਦੇ ਹਵਾਲੇ ਕਰ ਦਿੱਤਾ ਹੈ, ਉਹ ਵੀ ਮੁਫ਼ਤ। ਪੰਜਾਬ ਦੇ ਕੁੱਲ 17 ਮਿਲੀਅਨ ਏਕੜ ਫੁੱਟ ਪਾਣੀ ਵਿੱਚੋਂ ਪੰਜਾਬ ਲਈ ਬਚਿਆ ਸਿਰਫ਼ 4.22 ਮਿਲੀਅਨ ਏਕੜ ਫੁੱਟ ਪਾਣੀ। ਮਤਲਬ ਚੌਥੇ ਹਿੱਸੇ ਤੋਂ ਵੀ ਘੱਟ। ਪੰਜਾਬ ਦਾ ਕੋਈ ਸਮਝੌਤਾ ਨਹੀਂ ਸੀ, ਕੋਈ ਸਹਿਮਤੀ ਨਹੀਂ ਸੀ, ਬਸ ਇੰਦਰਾ ਗਾਂਧੀ ਨੇ ਫੁਰਮਾਨ ਜਾਰੀ ਕਰ ਦਿੱਤਾ ਸੀ। ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਸਨ ਜਦੋਂ 24 ਮਾਰਚ 1974 ਨੂੰ ਭਾਰਤ ਸਰਕਾਰ ਨੇ ਪੰਜਾਬ ਦਾ 75% ਤੋਂ ਵੀ ਜ਼ਿਆਦਾ ਪਾਣੀ ਲੁੱਟ ਲਿਆ ਤੇ ਪੰਜਾਬ ਨੂੰ ਬਰਬਾਦ ਕਰ ਦਿੱਤਾ। ਪੰਜਾਬ ਨੇ ਆਪਣੀਆਂ ਫ਼ਸਲਾਂ ਦੀਆਂ ਜ਼ਰੂਰਤ ਨੂੰ ਪੂਰਾ ਕਰਨ ਲਈ ਧਰਤੀ ਹੇਠਲੇ ਪਾਣੀ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਤੇ ਹੋਰਨਾਂ ਸੂਬਿਆਂ ਨੂੰ ਆਪਣਾ ਪਾਣੀ ਮੁਫ਼ਤ ਦੇ ਰਿਹਾ ਹੈ। ਪੰਜਾਬ ਨੂੰ ਇਸ ਸਮੇਂ 79 ਮਿਲੀਅਨ ਏਕੜ ਫੁੱਟ ਪਾਣੀ ਦੀ ਜ਼ਰੂਰਤ ਹੈ ਜਿਸ ਵਿਚ 54 ਮਿਲੀਅਨ ਏਕੜ ਫੁੱਟ ਪਾਣੀ ਖੇਤੀਬਾੜੀ ਕਰਨ ਲਈ, 10 ਮਿਲੀਅਨ ਏਕੜ ਫੁੱਟ ਸ਼ਹਿਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ 5 ਮਿਲੀਅਨ ਏਕੜ ਫੁੱਟ ਸਾਡੇ ਕਾਰੋਬਾਰ ਕਰਨ ਲਈ ਖ਼ਪਤ ਹੁੰਦਾ ਹੈ। ਇਕ ਮਿਲੀਅਨ ਏਕੜ ਫੁੱਟ ਪਾਣੀ ਦਾ ਭਾਵ ਇਹ ਹੈ ਕਿ 10 ਲੱਖ ਏਕੜ ਵਿਚ ਇਕ ਹਜ਼ਾਰ ਗੀਗਾ ਲੀਟਰ ਪਾਣੀ ਭਰਿਆ ਹੋਵੇ।

ਜੇ ਪੰਜਾਬ ਦੇ ਕੁੱਲ ਦਰਿਆਵਾਂ ਦੇ ਪਾਣੀ ਦਾ ਹਿਸਾਬ ਲਾਈਏ ਤਾਂ ਜਿੰਨੀ ਸਾਡੀ ਇਕ ਸਾਲ ਦੀ ਜ਼ਰੂਰਤ ਹੈ, ਉਸ ਦੇ ਹਿਸਾਬ ਨਾਲ ਸਾਡਾ ਅੱਧਾ ਪਾਣੀ ਵੀ ਪੂਰਾ ਨਹੀਂ ਹੁੰਦਾ। ਹੁਣ ਇਹ ਦੇਖ ਲਓ ਕਿ ਜਿਹੜੇ ਕਿਸਾਨਾਂ ਨੂੰ ਨਹਿਰੀ ਪਾਣੀ ਮਿਲਦਾ ਹੈ, ਉਹ ਉਸ ਦਾ ਖ਼ਰਚਾ ਦਿੰਦੇ ਹਨ। ਜਿਹੜਾ ਪੰਜਾਬ ਦਾ ਆਪਣਾ ਪਾਣੀ ਬਾਹਰਲੇ ਸੂਬਿਆਂ ਨੂੰ ਜਾ ਰਿਹਾ ਹੈ, ਉਹ ਜਾ ਰਿਹਾ ਹੈ। ਉਹ ਵੀ ਉਸ ਸਮੇਂ ਜਦੋਂ ਪੰਜਾਬ ਬੂੰਦ-ਬੂੰਦ ਨੂੰ ਤਰਸ ਰਿਹਾ ਹੈ। ਇੰਦਰਾ ਗਾਂਧੀ ਦੇ ਇਸ ਧੱਕੇ ਨਾਲ ਤਾਂ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦਾ ਜਨਮ ਹੋਇਆ ਸੀ। ਇਕ ਪਾਸੇ ਤਾਂ ਪੰਜਾਬ ਦਾ ਪਾਣੀ ਬਾਹਰਲੇ ਸੂਬਿਆਂ ਨੂੰ ਜਾ ਰਿਹਾ ਹੈ, ਦੂਜੇ ਪਾਸੇ ਪੰਜਾਬ ਦਾ ਕਿਸਾਨ ਧਰਤੀ ਹੇਠਲੇ ਪਾਣੀ ਨੂੰ ਮੋਟਰਾਂ ਤੇ ਸਬਮਰਸੀਬਲ ਪੰਪਾਂ ਨਾਲ ਕੱਢਣ ਲਈ ਮਜਬੂਰ ਹੈ। ਅੱਜ ਦੇ ਸਮੇਂ ਪੰਜਾਬ ਵਿਚ 15 ਤੋਂ 20 ਲੱਖ ਟਿਊਬਵੈੱਲ ਹਨ। ਦੁਨੀਆਂ ਵਿਚ ਬਹੁਤ ਘੱਟ ਪੰਜਾਬ ਵਰਗੇ ਖੇਤਰ ਹਨ ਜਿਨ੍ਹਾਂ ਦੇ ਹੇਠਾਂ ਕੁਦਰਤ ਨੇ ਪਾਣੀ ਦਿੱਤਾ ਹੈ। ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ 20-25 ਫੁੱਟ ਡੂੰਘਾਈ 'ਤੇ ਮੌਜੂਦ ਸੀ, ਜਿਸ ਦੀ ਵਰਤੋਂ ਖੂਹਾਂ ਤੇ ਹੱਥ ਵਾਲੇ ਨਲਕਿਆਂ ਨਾਲ ਕੀਤੀ ਜਾਂਦੀ ਰਹੀ ਹੈ। ਪੰਜਾਬ ਦੀ ਧਰਤੀ ਦੀ ਪਾਣੀ ਦੀ ਪਹਿਲੀ ਪਰਤ ਤਾਂ ਬਹੁਤ ਸਮਾਂ ਪਹਿਲਾਂ ਖ਼ਤਮ ਹੋ ਗਈ ਹੈ। ਜੇ ਅਸੀਂ ਨਹੀਂ ਸਮਝੇ ਤਾਂ ਪੰਜਾਬ ਵਿਚ ਪਾਣੀ ਖ਼ਤਮ ਹੋ ਜਾਵੇਗਾ।

# ਨੀਂਦ ਸਾਡੀ ਸਿਹਤ ਲਈ ਕਿੰਨੀ ਜ਼ਰੂਰੀ ?

ਨੀਂਦ ਇੱਕ ਸਰੀਰਕ ਪ੍ਰਕਿਰਿਆ ਹੈ, ਜੋ ਸਾਨੂੰ ਦੁਬਾਰਾ ਊਰਜਾਵਾਨ ਬਣਾਉਣ, ਸਿਹਤਮੰਦ ਰਹਿਣ ਵਿੱਚ ਮਦਦ ਕਰਦੀ ਹੈ। ਨੀਂਦ ਅਤੇ ਜਾਗਣ ਦੇ ਸਮੇਂ ਸਾਡੇ ਸਰੀਰ ਦੇ ਕੰਮ ਕਰਨ ਦੇ ਤਰੀਕੇ ਦਾ ਹਿੱਸਾ ਹਨ। ਹਾਲਾਂਕਿ ਤੁਸੀਂ ਸੌਂਦੇ ਸਮੇਂ ਆਰਾਮ ਕਰ ਰਹੇ ਹੁੰਦੇ ਹੋ, ਦਿਮਾਗ ਬਹੁਤ ਸਰਗਰਮ ਰਹਿੰਦਾ ਹੈ। ਸਮੁੱਚੇ ਤੌਰ 'ਤੇ ਸਰੀਰ ਦੀ ਮੁਰੰਮਤ ਨੀਂਦ ਦੇ ਵੱਖ-ਵੱਖ ਪੜਾਵਾਂ ਵਿੱਚ ਹੁੰਦੀ ਹੈ। ਇਸ ਲਈ ਨੀਂਦ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੈ ।

ਹਾਲਾਂਕਿ ਨੀਂਦ ਨਾਲ ਸਬੰਧਤ ਕਈ ਸਮੱਸਿਆਵਾਂ ਹਨ, ਇਨਸੌਮਨੀਆ ਇੱਕ ਅਜਿਹਾ ਮੁੱਦਾ ਹੈ ਜੋ ਅੱਜ ਦੀ ਦੁਨੀਆਂ ਵਿੱਚ ਪ੍ਰਮੁੱਖ ਬਣ ਗਿਆ ਹੈ। ਇਨਸੌਮਨੀਆ ਦਾ ਮਤਲਬ ਹੈ ਪੈਣ ਅਤੇ ਸੌਣ ਵਿੱਚ ਸਮੱਸਿਆ । ਤੁਸੀਂ ਸਵੇਰੇ ਜਲਦੀ ਉੱਠ ਸਕਦੇ ਹੋ, ਤਾਂ ਜੋ ਤੁਸੀਂ ਆਪਣੀ ਔਸਤ 7-8 ਘੰਟੇ ਨੀਂਦ ਪ੍ਰਾਪਤ ਕਰਨ ਦੇ ਯੋਗ ਹੋਵੋ । ਤੁਹਾਡੀ ਨੀਂਦ ਟੁੱਟ ਸਕਦੀ ਹੈ ਅਤੇ ਤੁਸੀਂ ਰਾਤ ਨੂੰ ਕਈ ਵਾਰ ਉੱਠ ਸਕਦੇ ਹੋ, ਇਸ ਲਈ ਤੁਹਾਨੂੰ ਨਿਰਵਿਘਨ ਨੀਂਦ ਦੇ ਪੂਰੇ ਘੰਟੇ ਨਹੀਂ ਮਿਲਦੇ । ਤੁਸੀਂ ਡੂੰਘੀ ਨੀਂਦ ਵਿੱਚ ਨਹੀਂ ਜਾ ਸਕਦੇ ਹੋ ਅਤੇ ਇਸ ਤਰ੍ਹਾਂ ਉੱਠਣ 'ਤੇ ਤਰੋਤਾਜ਼ਾ ਮਹਿਸੂਸ ਨਹੀਂ ਕਰ ਸਕਦੇ ਹੋ। ਇੱਕ ਨੀਂਦ, ਇੰਨੀਆਂ ਸਮੱਸਿਆਵਾਂ! ਨੀਂਦ ਦੀ ਸਮੱਸਿਆ ਗੰਭੀਰ ਜਾਂ ਪੁਰਾਣੀ ਹੋ ਸਕਦੀ ਹੈ । 3 ਹਫ਼ਤਿਆਂ ਤੋਂ ਬਾਅਦ, ਇਨਸੌਮਨੀਆ ਗੰਭੀਰ ਹੋ ਜਾਂਦਾ ਹੈ। 3 ਵਿੱਚੋਂ 1 ਵਿਅਕਤੀ ਇਨਸੌਮਨੀਆ ਤੋਂ ਪੀੜਤ ਹੈ ਅਤੇ 10 ਵਿੱਚੋਂ 1 ਵਿਅਕਤੀ ਨੂੰ ਗੰਭੀਰ ਇਨਸੌਮਨੀਆ ਹੈ।

ਜਦੋਂ ਸਾਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ ਤਾਂ ਕੀ ਹੁੰਦਾ ਹੈ, ਇਹ ਹੈ ਕਿ ਸਾਨੂੰ ਦਿਨ ਵੇਲੇ ਨੀਂਦ ਆਉਂਦੀ ਹੈ। ਅਸੀਂ ਸਹੀ ਢੰਗ ਨਾਲ ਧਿਆਨ ਨਹੀਂ ਲਗਾ ਸਕਦੇ, ਜਿਸ ਕਾਰਨ ਸਾਡੇ ਕੰਮ ਵਿੱਚ ਤਰੁੱਟੀਆਂ ਹੁੰਦੀਆਂ ਹਨ ਅਤੇ ਦੁਰਘਟਨਾਵਾਂ ਦਾ ਖ਼ਤਰਾ ਵੱਧ ਜਾਂਦਾ ਹੈ। ਇਕਾਗਰਤਾ ਦੀਆਂ ਸਮੱਸਿਆਵਾਂ ਦੇ ਕਾਰਨ, ਯਾਦਦਾਸ਼ਤ ਵਿਚ ਵਿਗਾੜ ਵੀ ਪੈਦਾ ਹੁੰਦਾ ਹੈ। ਇਹ ਪਾਚਕ ਸਮੱਸਿਆਵਾਂ ਦੇ ਜ਼ੋਖਮ ਨੂੰ ਵੀ ਵਧਾਉਂਦਾ ਹੈ ਜਿਵੇਂ ਕਿ; ਮੋਟਾਪਾ, ਦਿਲ ਦੀਆਂ ਬਿਮਾਰੀਆਂ ਅਤੇ ਤੁਹਾਨੂੰ ਬੁੱਢਾ ਦਿਖਾਉਂਦਾ ਹੈ।

ਇਨਸੌਮਨੀਆ ਦੀ ਸਮੱਸਿਆ ਇੰਨੀ ਆਮ ਹੈ ਕਿ ਸਾਡੇ ਦੇਸ਼ ਵਿੱਚ ਪ੍ਰਤੀ ਸਾਲ 10 ਮਿਲੀਅਨ ਤੋਂ ਵੱਧ ਮਾਮਲੇ ਇਸ ਤੋਂ ਪੀੜਤ ਹਨ । ਕਿਸੇ ਵੀ ਸਮੇਂ ਲਗਭਗ. ਦੁਨੀਆਂ ਦੀ 20% ਆਬਾਦੀ ਨੂੰ ਇਨਸੌਮਨੀਆ ਦਾ



ਅਨੁਭਵ ਹੁੰਦਾ ਹੈ। ਇਹ ਬਜ਼ੁਰਗਾਂ, ਔਰਤਾਂ ਅਤੇ ਪੁਰਾਣੀ ਮੈਡੀਕਲ ਅਤੇ ਮਾਨਸਿਕ ਸਿਹਤ ਬੀਮਾਰੀ ਵਾਲੇ ਲੋਕਾਂ ਵਿੱਚ ਵਧੇਰੇ ਆਮ ਹੈ। ਹਾਲਾਂਕਿ, ਅਸੀਂ ਆਪਣੀ ਨੀਂਦ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਆਪਣੀ ਜੀਵਨਸ਼ੈਲੀ ਨੂੰ ਬਦਲ ਕੇ, ਆਪਣੇ ਅੰਤ ਵਿੱਚ ਕੁਝ ਕਰ ਸਕਦੇ ਹਾਂ। ਇਹਨਾਂ ਤਬਦੀਲੀਆਂ ਨੂੰ (ਵਿਸ਼ਵ ਨੀਂਦ ਸੰਗਠਨ ਦੁਆਰਾ ਸਿਫ਼ਾਰਿਸ਼ ਕੀਤਾ ਗਿਆ) ਕਿਹਾ ਜਾਂਦਾ ਹੈ।

ਨਿਸ਼ਚਿਤ ਸਮੇਂ 'ਤੇ ਸੌਣ ਜਾਓ ਅਤੇ ਨਿਸ਼ਚਿਤ ਸਮੇਂ 'ਤੇ ਉੱਠੋ, ਇੱਥੋਂ ਤੱਕ ਕਿ ਵੀਕੈਂਡ 'ਤੇ ਵੀ ਸਿਰਫ਼ ਸੌਣ ਅਤੇ ਸੰਭੋਗ ਲਈ ਬਿਸਤਰੇ ਦੀ ਵਰਤੋਂ ਕਰੋ । ਖਾਣ ਜਾਂ ਟੀਵੀ ਦੇਖਣ ਜਾਂ ਇੰਟਰਨੈੱਟ ਦੇਖਣ ਲਈ ਨਹੀਂ। ਮਨ ਦੀ ਹਾਲਤ ਹੋ ਜਾਂਦੀ ਹੈ ਕਿ ਬਿਸਤਰਾ ਸਿਰਫ਼ ਸੌਣ ਲਈ ਹੈ। ਜੇਕਰ ਤੁਸੀਂ ਦੁਪਹਿਰ ਨੂੰ ਸੌਣਾ ਚਾਹੁੰਦੇ ਹੋ, ਤਾਂ ਦਿਨ ਦਾ ਸਮਾਂ 45 ਮਿੰਟ ਤੋਂ ਵੱਧ ਨਹੀਂ ਹੋਣਾ ਚਾਹੀਦਾ। ਸੌਣ ਤੋਂ 6 ਘੰਟੇ ਪਹਿਲਾਂ ਕੈਫ਼ੀਨ ਦੀ ਵਰਤੋਂ (ਚਾਹ/ਕੌਫੀ/ਰੈੱਡ ਬੁੱਲ ਐਨਰਜੀ ਡਰਿੰਕ) ਤੋਂ ਬਚੋ। ਸ਼ਰਾਬ ਦਾ ਸੇਵਨ ਨਾ ਕਰਨਾ ਸਿਹਤ ਲਈ ਸਹੀ ਹੈ। ਹਾਲਾਂਕਿ, ਜੇਕਰ ਤੁਸੀਂ ਅਜਿਹਾ ਕਰਦੇ ਹੋ, ਤਾਂ ਇਸਨੂੰ ਸੌਣ ਤੋਂ 4 ਘੰਟੇ ਪਹਿਲਾਂ ਨਾ ਲਓ । ਇਹ ਇੱਕ ਮਿੱਥ ਹੈ ਕਿ ਸ਼ਰਾਬ ਤੁਹਾਨੂੰ ਨੀਂਦ ਲਿਆਉਂਦੀ ਹੈ । ਅਸਲ ਵਿੱਚ ਇਹ ਨੀਂਦ ਦੇ ਢਾਂਚੇ ਵਿੱਚ ਤਬਦੀਲੀ ਦੇ ਕਾਰਨ ਇੱਕ ਗੈਰ-ਤਾਜ਼ਗੀ ਵਾਲੀ ਨੀਂਦ ਹੈ। ਤੁਸੀਂ ਬਾਅਦ ਵਿੱਚ ਜਾਗ ਸਕਦੇ ਹੋ ਅਤੇ ਸ਼ਰਾਬ ਦੀ ਮਾਤਰਾ ਦੇ ਆਧਾਰ 'ਤੇ ਸਵੇਰੇ ਹੈਂਗਓਵਰ ਦੇ ਨਾਲ ਵਾਪਸ ਸੌਂ ਨਹੀਂ ਸਕਦੇ।

ਰਾਤ ਨੂੰ ਹਲਕਾ ਭੋਜਨ ਕਰੋ। ਸੌਣ ਤੋਂ ਘੱਟੋ-ਘੱਟ 2 ਘੰਟੇ ਪਹਿਲਾਂ ਆਪਣਾ ਭੋਜਨ ਪੂਰਾ ਕਰੋ। ਇਸ ਨਾਲ ਖਾਣਾ ਪਚ ਜਾਂਦਾ ਹੈ ਅਤੇ ਤੁਹਾਨੂੰ ਭੁੱਖ ਨਹੀਂ ਲੱਗਦੀ। ਕੁਝ ਭੋਜਨ ਜੋ ਨੀਂਦ ਨੂੰ ਉਤਸ਼ਾਹਿਤ ਕਰਦੇ ਹਨ ਉਹ ਹਨ ਬਦਾਮ, ਅਖਰੋਟ, ਕੀਵੀ, ਐਵੋਕਾਡੋ, ਪਾਲਕਨਿਯਮਿਤ ਤੌਰ 'ਤੇ ਕਸਰ ਤ ਕਰੋ, ਪਰ ਸੌਣ ਤੋਂ ਘੱਟੋ-ਘੱਟ 2-3 ਘੰਟੇ ਪਹਿਲਾਂ ਕੋਈ ਜ਼ੋਰਦਾਰ ਕਸਰਤ ਨਾ ਕਰੋ, ਕਿਉਂਕਿ ਸੌਣ ਤੋਂ ਪਹਿਲਾਂ ਸਰੀਰ ਦਾ ਤਾਪਮਾਨ ਠੰਡਾ ਨਹੀਂ ਹੋਵੇਗਾ। ਤੁਸੀਂ ਸੌਣ ਤੋਂ ਅੱਧਾ ਘੰਟਾ ਪਹਿਲਾਂ ਗਾਈਡਡ ਇਮੇਜਰੀ ਦੇ ਨਾਲ ਮਾਈਂਡਫੁਲਨੇਸ ਮੈਡੀਟੇਸ਼ਨ, ਪ੍ਰਗਤੀਸ਼ੀਲ ਮਾਸਪੇਸ਼ੀ ਆਰਾਮ ਕਰ ਸਕਦੇ ਹੋ, ਜੋ ਨੀਂਦ ਦੀ ਗੁਣਵੱਤਾ ਨੂੰ ਵਧਾਉਂਦਾ ਹੈ। ਤੁਹਾਡਾ ਬੈੱਡ ਅਤੇ ਬੈੱਡ ਰੂਮ ਆਰਾਮਦਾਇਕ ਹੋਣਾ ਚਾਹੀਦਾ ਹੈ। ਕਮਰੇ ਦੇ ਤਾਪਮਾਨ ਅਤੇ ਹਵਾਦਾਰੀ 'ਤੇ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਤੁਹਾਡੇ ਕਮਰੇ ਦਾ ਤਾਪਮਾਨ 18-20 ਡਿਗਰੀ ਸੈਲਸੀਅਸ ਦੇ ਵਿਚਕਾਰ ਹੋਣਾ ਚਾਹੀਦਾ ਹੈ। ਇਸ ਲਈ, ਯਾਦ ਰੱਖੋ ਕਿ ਅਸੀਂ ਦਿਨ ਦੇ ਸਮੇਂ ਨਾਲੋਂ ਸੌਣ ਦੌਰਾਨ ਸਰੀਰ ਦੇ ਠੰਡੇ ਤਾਪਮਾਨ ਲਈ ਤਿਆਰ ਕੀਤੇ ਗਏ ਹਾਂ। ਸਾਰੇ ਧਿਆਨ ਭਟਕਾਉਣ ਵਾਲੇ ਸ਼ੋਰ ਨੂੰ ਰੋਕੋ ਅਤੇ ਜਿੰਨੀ ਹੋ ਸਕੇ ਰੌਸ਼ਨੀ ਨੂੰ ਖਤਮ ਕਰੋ। ਸੌਣ ਤੋਂ ਘੱਟੋ-ਘੱਟ 1 ਘੰਟਾ ਪਹਿਲਾਂ ਡਿਜੀਟਲ ਮੀਡੀਆ ਦੀ ਵਰਤੋਂ ਬੰਦ ਕਰੋ, ਕਿਉਂਕਿ ਨੀਲੀ ਰੌਸ਼ਨੀ ਮੇਲਾਟੋਨਿਨ ਦੇ ਉਤਪਾਦਨ ਨੂੰ ਘਟਾ ਕੇ ਨੀਂਦ ਵਿੱਚ ਵਿਘਨ ਪਾਉਂਦੀ ਹੈ।

ਆਪਣੇ ਆਪ ਨੂੰ ਸੌਣ ਲਈ ਮਜਬੂਰ ਨਾ ਕਰੋ। ਜੇ ਤੁਸੀਂ ਲੇਟਣ ਦੇ 15-30 ਮਿੰਟਾਂ ਵਿਚਕਾਰ ਨਹੀਂ ਸੌਂ ਸਕਦੇ ਹੋ, ਤਾਂ ਉੱਠੋ ਅਤੇ ਆਪਣੇ ਘਰ ਦੇ ਕਿਸੇ ਹੋਰ ਖੇਤਰ ਵਿੱਚ ਜਾਓ। ਕੁਝ ਕਿਤਾਬ ਪੜ੍ਹੋ, ਜੋ ਕਿ ਇੱਕ ਥ੍ਰਿਲਰ ਨਹੀਂ ਹੈ ਜਾਂ ਇੱਥੇ ਕੁਝ ਸਮੇਂ ਲਈ ਘੱਟ ਆਵਾਜ਼ ਵਿੱਚ ਕੁਝ ਸੁਖਦਾਇਕ ਸੰਗੀਤ ਸੁਣੋ। ਜਦੋਂ ਤੁਹਾਨੂੰ ਨੀਂਦ ਆਉਂਦੀ ਹੈ, ਤਾਂ ਸੌਣ ਲਈ ਬਿਸਤਰੇ 'ਤੇ ਵਾਪਸ ਜਾਓ। ਸਮੇਂ ਦੀ ਪ੍ਰਵਾਹ ਕੀਤੇ ਬਿਨਾਂ, ਤਾਂ ਜੋ ਤੁਹਾਡਾ ਸਰੀਰ ਤੁਹਾਡੀ ਸਰਕੇਡੀਅਨ ਤਾਲ ਨਾਲ ਜੁੜ ਜਾਵੇ। ਤੁਸੀਂ ਕੁਝ ਦਿਨਾਂ ਲਈ ਮੁਸ਼ਕਲ ਮਹਿਸੂਸ ਕਰੋਗੇ, ਪਰ ਅੰਤ ਵਿੱਚ ਤੁਸੀਂ ਆਪਣੀ ਨੀਂਦ ਵਿੱਚ ਮਾਹਰ ਹੋਵੋਗੇ। ਜੇਕਰ ਇਹ ਤਰੀਕੇ ਤੁਹਾਡੀ ਮਦਦ ਨਹੀਂ ਕਰਦੇ, ਤਾਂ ਕਿਸੇ ਮਨੋ ਚਕਿਤਸਕ ਕੋਲ ਜਾਓ, ਕਿਉਂਕਿ ਬਹੁਤ ਸਾਰੀਆਂ ਮਾਨਸਿਕ ਬਿਮਾਰੀਆਂ, ਡਾਕਟਰੀ ਬਿਮਾਰੀਆਂ ਅਤੇ ਦਵਾਈਆਂ ਇਨਸੌਮਨੀਆ ਦਾ ਕਾਰਨ ਬਣ ਸਕਦੀਆਂ ਹਨ।ਕੋਈ ਵੀ ਦਿਨ ਇੰਨਾ ਮਾੜਾ ਨਹੀਂ ਹੁੰਦਾ ਜਿਸ ਨੂੰ ਚੰਗੀ ਝਪਕੀ ਨਾਲ ਠੀਕ ਨਹੀਂ ਕੀਤਾ ਜਾ ਸਕਦਾ।

# ਕਹਿਰ ਓ ਰੱਬਾ ! ਬਾਰਾਤ ਤੋਂ ਪਹਿਲਾਂ ਲਾੜੇ ਦੀ ਮੌਤ, ਘਰੋਂ ਮੱਥਾ ਟੇਕਣ ਨਿਕਲਿਆ ਸੀ




ਰਾਮਪੁਰ, 9 ਮਈ (ਪ.ਪ.) ਉੱਤਰ ਪ੍ਰਦੇਸ਼ ਦੇ ਰਾਮਪੁਰ ਜ਼ਿਲ੍ਹੇ ਚ ਦਿਲ ਨੂੰ ਝੰਜੋੜ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਆਪਣੇ ਵਿਆਹ ਦੀ ਬਰਾਤ ਤੋਂ ਪਹਿਲਾਂ ਸੜਕ ਹਾਦਸੇ ਚ ਲਾੜੇ ਦੀ ਮੌਤ ਹੋ ਗਈ। ਪੁਲਸ ਮੁਤਾਬਕ ਰਾਮਪੁਰ ਜ਼ਿਲ੍ਹੇ ਦੇ ਟਾਂਡਾ ਥਾਣਾ ਖੇਤਰ ਦੇ ਸੈਂਤਾਖੇੜਾ ਦੇ ਮਾਝਰਾ ਪਿੰਡ ਦੇ ਰਹਿਣ ਵਾਲੇ ਯੋਗੇਂਦਰ ਕੁਮਾਰ (25) ਦੀ ਮੰਗਲਵਾਰ ਸਵੇਰੇ ਬਾਈਕ ਤੇ ਗੁਰੂਦੁਆਰਾ ਸਾਹਿਬ ਤੋਂ ਵਾਪਸ ਆਉਂਦੇ ਸਮੇਂ ਸਰਕਥਲ-ਦਢਿਆਲ ਸੜਕ ਤੇ ਇਕ ਡੰਪਰ ਨਾਲ ਟੱਕਰ ਹੋਣ ਕਾਰਨ ਮੌਕੇ ਤੇ ਹੀ ਉਸ ਦੀ ਮੌਤ ਹੋ ਗਈ।ਪੁਲਸ ਮੁਤਾਬਕ ਯੋਗੇਂਦਰ ਦੀ ਬਰਾਤ ਮੰਗਲਵਾਰ ਸ਼ਾਮ ਨੂੰ ਮੁਰਾਦਾਬਾਦ ਜ਼ਿਲ੍ਹੇ ਦੇ ਬੁਢਾਨਪੁਰ ਜਾਣ ਵਾਲੀ ਸੀ ਪਰ ਇਹ ਦੁਖਦਾਈ ਘਟਨਾ ਸਵੇਰੇ ਵਾਪਰੀ। ਪੁਲਸ ਨੇ ਦੱਸਿਆ ਕਿ ਸੂਚਨਾ ਮਿਲਣ ਤੇ ਪੁਲਸ ਟੀਮ ਮੌਕੇ ਤੇ ਪਹੁੰਚੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਇਸ ਤੋਂ ਪਹਿਲਾਂ ਐਤਵਾਰ ਰਾਤ ਨੂੰ ਬਦਾਊਂ ਦੇ ਇਕ ਪਰਿਵਾਰ ਵਿਚ ਵਿਆਹ ਦੀਆਂ ਖੁਸ਼ੀਆਂ ਸੋਗ ਵਿਚ ਬਦਲ ਗਈਆਂ। ਜਦੋਂ ਮੁਰਾਦਾਬਾਦ ਵਿਚ ਲਾੜੀ ਦੇ ਪਰਿਵਾਰ ਨੂੰ ਰਾਮਪੁਰ ਚ ਇਸ ਹਾਦਸੇ ਦੀ ਜਾਣਕਾਰੀ ਮਿਲੀ ਤਾਂ ਉੱਥੇ ਵੀ ਸੋਗ ਪਸਰ ਗਿਆ। ਇੱਧਰ ਯੋਗੇਂਦਰ ਦੀ ਅਰਥੀ ਉੱਠੀ। ਵਿਆਹ ਵਿਚ ਸ਼ਾਮਲ ਹੋਣ ਲਈ ਆਏ ਰਿਸ਼ਤੇਦਾਰ ਅਤੇ ਪਿੰਡ ਦੇ ਲੋਕਾਂ ਦੇ ਹੰਝੂ ਨਹੀਂ ਰੁੱਕ ਰਹੇ ਹਨ।ਓਧਰ ਮ੍ਰਿਤਕ ਦੇ ਭਰਾ ਦੇਵਰਾਜ ਸਿੰਘ ਨੇ ਕਿਹਾ ਕਿ ਅੱਜ 6 ਮਈ ਨੂੰ ਵਿਆਹ ਦੀ ਬਾਰਾਤ ਜਾਣੀ ਸੀ ਅਤੇ ਸਾਰੇ ਰਿਸ਼ਤੇਦਾਰ ਆ ਗਏ ਸਨ। ਉਨ੍ਹਾਂ ਕਿਹਾ ਕਿ ਸਵੇਰੇ-ਸਵੇਰੇ ਯੋਗੇਂਦਰ ਗੁਰਦੁਆਰੇ ਮੱਥਾ ਟੇਕਣ ਗਿਆ ਪਰ ਉਹ ਵਾਪਸ ਨਹੀਂ ਆਇਆ। ਹਾਦਸੇ ਵਿਚ ਉਸ ਦੀ ਮੌਤ ਦੀ ਖ਼ਬਰ ਆਈ। ਦੇਵਰਾਜ ਨੇ ਕਿਹਾ ਕਿ ਯੋਗੇਂਦਰ ਇਕ ਇੰਜੀਨੀਅਰ ਸੀ ਅਤੇ ਇਕ ਨਿੱਜੀ ਕੰਪਨੀ ਚ ਕੰਮ ਕਰਦਾ ਸੀ। ਉਨ੍ਹਾਂ ਕਿਹਾ ਕਿ ਸਾਰਾ ਕਸੂਰ ਡੰਪਰ ਡਰਾਈਵਰ ਦਾ ਹੈ ਅਤੇ ਪ੍ਰਸ਼ਾਸਨ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਪਰਿਵਾਰ ਨੂੰ ਇਨਸਾਫ਼ ਦਿਵਾਉਣਾ ਚਾਹੀਦਾ ਹੈ।

# ਕ੍ਰਿਕਟ ਨੂੰ ਨੁਕਸਾਨ ਪਹੁੰਚਾਇਆ ਗਿਆ.. ਧੋਨੀ ਲਈ ਨਿਯਮ ਬਦਲਣ 'ਤੇ ਭੜਕੇ ਗਾਵਸਕਰ




ਚੇਨਈ 9 ਮਈ (ਪ.ਪ.)- ਸੁਨੀਲ ਗਾਵਸਕਰ ਨੇ ਅਨਕੈਪਡ ਖਿਡਾਰੀਆਂ ਦੇ ਨਿਯਮ ਬਾਰੇ ਇੱਕ ਵੱਡਾ ਬਿਆਨ ਦਿੱਤਾ ਹੈ ਜਿਸਨੇ ਸੁਰਖੀਆਂ ਬਟੋਰੀਆਂ ਹਨ। ਗਾਵਸਕਰ ਨੇ ਅਨਕੈਪਡ ਖਿਡਾਰੀ ਨਿਯਮ ਵਿੱਚ ਬਦਲਾਅ @ਤੇ ਆਪਣੀ ਰਾਏ ਦਿੱਤੀ ਅਤੇ ਮੰਨਿਆ ਕਿ ਧੋਨੀ ਲਈ ਇਸ ਨਿਯਮ ਨੂੰ ਬਦਲਣ ਨਾਲ ਕ੍ਰਿਕਟ ਨੂੰ ਨੁਕਸਾਨ ਹੋਇਆ ਹੈ। ਤੁਹਾਨੂੰ ਦੱਸ ਦੇਈਏ ਕਿ ਆਈਪੀਐਲ 2025 ਸੀਜ਼ਨ ਤੋਂ ਪਹਿਲਾਂ, ਅਨਕੈਪਡ ਖਿਡਾਰੀ ਨਿਯਮ ਵਾਪਸ ਲਿਆਂਦਾ ਗਿਆ ਸੀ, ਜਿਸ ਦੇ ਤਹਿਤ ਪੰਜ ਜਾਂ ਵੱਧ ਸਾਲਾਂ ਤੋਂ ਅੰਤਰਰਾਸ਼ਟਰੀ ਕ੍ਰਿਕਟ ਨਾ ਖੇਡਣ ਵਾਲੇ ਖਿਡਾਰੀਆਂ ਨੂੰ ਅਨਕੈਪਡ ਖਿਡਾਰੀ ਵਜੋਂ ਬਰਕਰਾਰ ਰੱਖਿਆ ਜਾ ਸਕਦਾ ਹੈ। ਇਸ ਨਿਯਮ ਦੀ ਮਦਦ ਨਾਲ, ਚੇਨਈ ਸੁਪਰ ਕਿੰਗਜ਼ ਨੇ ਆਪਣੇ ਮਹਾਨ ਕਪਤਾਨ ਐਮਐਸ ਧੋਨੀ ਨੂੰ 4 ਕਰੋੜ ਰੁਪਏ ਵਿੱਚ ਰਿਟੇਨ ਕੀਤਾ। ਹੁਣ ਜਦੋਂ ਸੀਐਸਕੇ ਪਲੇਆਫ ਦੀ ਦੌੜ ਤੋਂ ਬਾਹਰ ਹੋ ਗਿਆ ਹੈ, ਤਾਂ ਮਹਾਨ ਸਾਬਕਾ ਭਾਰਤੀ ਕ੍ਰਿਕਟਰ ਸੁਨੀਲ ਗਾਵਸਕਰ ਨੇ ਇਸ ਨਿਯਮ ਬਦਲਾਅ ਦੀ ਆਲੋਚਨਾ ਕੀਤੀ ਹੈ ਅਤੇ ਕਿਹਾ ਹੈ ਕਿ ਅਨਕੈਪਡ ਖਿਡਾਰੀਆਂ ਨੂੰ ਬਰਕਰਾਰ ਰੱਖਣ ਦੀ ਕੀਮਤ 4 ਕਰੋੜ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ।ਗਾਵਸਕਰ ਨੇ ਸਪੋਰਟਸ ਸਟਾਰ ਵਿੱਚ ਆਪਣੇ ਕਾਲਮ ਵਿੱਚ ਲਿਖਿਆ ਕਿ ÷ਇੰਨੀ ਉੱਚੀ ਕੀਮਤ ਨੌਜਵਾਨ, ਅਨਕੈਪਡ ਖਿਡਾਰੀਆਂ @ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ÷। ਸਾਬਕਾ ਭਾਰਤੀ ਕਪਤਾਨ ਨੇ ਲਿਖਿਆ, ÷ਭਾਰਤੀ ਕ੍ਰਿਕਟ ਥੋੜ੍ਹਾ ਦੁਖੀ ਹੁੰਦਾ ਹੈ ਜਦੋਂ ਕੋਈ ਖਿਡਾਰੀ ਜਾਂਦਾ ਹੈ, ਭਾਵੇਂ ਉਹ ਸਫਲ ਰਿਹਾ ਹੋਵੇ ਜਾਂ ਨਾ। ਪਿਛਲੇ ਸਾਲ ਨਿਲਾਮੀ ਤੋਂ ਪਹਿਲਾਂ ਇੱਕ ਅਨਕੈਪਡ ਖਿਡਾਰੀ ਬਣੇ ਮਹਿੰਦਰ ਸਿੰਘ ਧੋਨੀ ਨੂੰ ਟੀਮ ਵਿੱਚ ਬਣਾਈ ਰੱਖਣ ਲਈ ਅਨਕੈਪਡ ਖਿਡਾਰੀ ਦੀ ਤਨਖਾਹ ਵਜੋਂ 4 ਕਰੋੜ ਰੁਪਏ ਦਿੱਤੇ ਗਏ ਸਨ।÷ਗਾਵਸਕਰ ਨੇ ਅੱਗੇ ਲਿਖਿਆ, ÷ਅਚਾਨਕ ਕਰੋੜਪਤੀ ਬਣਨ ਵਾਲੇ ਜ਼ਿਆਦਾਤਰ ਖਿਡਾਰੀ ਅਕਸਰ ਖੇਡ @ਚ ਪਿੱਛੇ ਰਹਿ ਜਾਂਦੇ ਹਨ, ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੂੰ ਅਚਾਨਕ ਮਿਲੀ ਚੰਗੀ ਕਿਸਮਤ ਨਾਲ ਤੇ ਫਿਰ ਉਨ੍ਹਾਂ ਲੋਕਾਂ ਨੂੰ ਮਿਲਣ ਦੀ ਘਬਰਾਹਟ ਨਾਲ, ਜਿੰਨਾ ਦੀ ਉਹ ਸ਼ਲਾਘਾ ਕਰਦੇ ਸਨ ਤੇ ਸ਼ਾਇਦ ਕਦੀ ਉਨ੍ਹਾਂ ਨਾਲ ਮਿਲਣ ਦਾ ਸੁਪਨਾ ਵੀ ਦੇਖਿਆ ਸੀ। ਉਹ ਅਕਸਰ ਆਪਣੇ ਸੂਬੇ ਦੇ ਚੋਟੀ ਦੇ 30 ਖਿਡਾਰੀਆਂ ਦੀ ਟੀਮ ਦਾ ਹਿੱਸਾ ਵੀ ਨਹੀਂ ਹੁੰਦੇ।ਗਾਵਸਕਰ ਨੇ ਅੱਗੇ ਲਿਖਿਆ, ÷ਪਿਛਲੇ ਕੁਝ ਸਾਲਾਂ ਵਿੱਚ ਕਿਸੇ ਵੀ ਅਜਿਹੇ ਅਨਕੈਪਡ ਖਿਡਾਰੀ ਨੂੰ ਯਾਦ ਕਰਨਾ ਮੁਸ਼ਕਲ ਹੈ ਜਿਸਨੂੰ ਵੱਡੀ ਰਕਮ ਦਿੱਤੀ ਗਈ ਹੋਵੇ ਅਤੇ ਉਹ ਕੁਝ ਚਮਤਕਾਰ ਕਰਨ ਦੇ ਯੋਗ ਹੋਵੇ। ਹੋ ਸਕਦਾ ਹੈ ਕਿ ਅਗਲੇ ਕੁਝ ਸਾਲਾਂ ਵਿੱਚ ਉਹ ਤਜਰਬੇ ਨਾਲ ਥੋੜ੍ਹਾ ਬਿਹਤਰ ਹੋ ਜਾਵੇ। ਪਰ ਜੇਕਰ ਉਹ ਉਸੇ ਸਥਾਨਕ ਲੀਗ ਵਿੱਚ ਖੇਡ ਰਿਹਾ ਹੈ, ਤਾਂ ਸੁਧਾਰ ਦੀ ਸੰਭਾਵਨਾ ਬਹੁਤ ਜ਼ਿਆਦਾ ਨਹੀਂ ਹੋਵੇਗੀ।÷ਤੁਹਾਨੂੰ ਦੱਸ ਦੇਈਏ ਕਿ ਮੈਗਾ ਨਿਲਾਮੀ ਤੋਂ ਪਹਿਲਾਂ ਅਨਕੈਪਡ ਖਿਡਾਰੀਆਂ ਨੂੰ ਬਰਕਰਾਰ ਰੱਖਣ ਲਈ 4 ਕਰੋੜ ਰੁਪਏ ਦੀ ਕੀਮਤ ਸੀਮਾ ਆਈਪੀਐਲ 2022 ਦੀ ਮੈਗਾ ਨਿਲਾਮੀ ਤੋਂ ਹੀ ਲਾਗੂ ਹੈ, ਜਦੋਂ ਧੋਨੀ ਨੂੰ ਅਨਕੈਪਡ ਖਿਡਾਰੀ ਵਜੋਂ ਬਰਕਰਾਰ ਰੱਖਣ ਦੀ ਯੋਜਨਾ ਬਣਾਈ ਗਈ ਸੀ। ਆਈਪੀਐਲ 2025 ਲਈ ਸਭ ਤੋਂ ਮਹਿੰਗਾ ਅਨਕੈਪਡ ਰਿਟੇਨਸ਼ਨ 33 ਸਾਲਾ ਬੱਲੇਬਾਜ਼ ਸ਼ਸ਼ਾਂਕ ਸਿੰਘ ਸੀ।

# ਨਿਊਯਾਰਕ ਟਾਈਮਜ਼' ਨੂੰ ਚਾਰ ਤੇ 'ਨਿਊ ਯਾਰਕਰ' ਨੂੰ ਤਿੰਨ ਪੁਲਿਤਜ਼ਰ ਪੁਰਸਕਾਰ



ਵਾਸ਼ਿੰਗਟਨ,9 ਮਈ (ਪ.ਪ.) ਸ਼ਾਨਦਾਰ ਪੱਤਰਕਾਰੀ ਲਈ 'ਨਿਊਯਾਰਕ ਟਾਈਮਜ਼' ਅਖ਼ਬਾਰ ਨੇ ਚਾਰ ਅਤੇ 'ਨਿਊ ਯਾਰਕਰ' ਮੈਗਜ਼ੀਨ ਨੇ ਤਿੰਨ 'ਪੁਲਿਤਜ਼ਰ ਪੁਰਸਕਾਰ 2025' ਜਿੱਤੇ ਹਨ। ਇਸੇ ਤਰ੍ਹਾਂ ਖ਼ਬਰ ਏਜੰਸੀ 'ਰਾਇਟਰਜ਼' ਨੂੰ ਖੋਜੀ ਪੱਤਰਕਾਰੀ ਲਈ ਇਹ ਵੱਕਾਰੀ ਪੁਰਸਕਾਰ ਮਿਲਿਆ ਹੈ। ਉਸ ਨੇ ਫੈਂਟਾਨਾਈਲ ਬਣਾਉਣ ਲਈ ਵਰਤੇ ਜਾਂਦੇ ਰਸਾਇਣਾਂ ਦੇ ਕੌਮਾਂਤਰੀ ਵਪਾਰ ਨੂੰ ਉਜਾਗਰ ਕੀਤਾ ਸੀ। ਇਹ ਦਵਾਈ ਉਸ ਸੰਕਟ ਦਾ ਕੇਂਦਰ ਹੈ ਜਿਸ ਨੇ ਲਗਪਗ ਸਾਢੇ ਚਾਰ ਲੱਖ ਅਮਰੀਕੀਆਂ ਦੀ ਜਾਨ ਲੈ ਲਈ ਹੈ ਅਤੇ ਇਹ ਗਿਣਤੀ ਵਧਦੀ ਜਾ ਰਹੀ ਹੈ। ਰਾਇਟਰਜ਼ ਦਾ ਸਾਲ 2008 ਤੋਂ ਇਹ 13ਵਾਂ ਪੁਲਿਤਜ਼ਰ ਹੈ। 'ਦਿ ਟਾਈਮਜ਼' ਨੇ ਵੀ ਬਾਲਟੀਮੋਰ ਬੈਨਰ ਨਾਲ ਮਿਲ ਕੇ ਫੈਂਟਾਨਾਈਲ ਸੰਕਟ ਦੀ ਆਪਣੀ ਕਵਰੇਜ ਲਈ ਪੁਰਸਕਾਰ ਜਿੱਤਿਆ ਹੈ।'ਵਾਸ਼ਿੰਗਟਨ ਪੋਸਟ' ਨੇ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਦੀ 'ਸਭ ਤੋਂ ਤੇਜ਼ ਅਤੇ ਤੱਥਾਂ ਸਹਿਤ' ਕਵਰੇਜ ਕਰਨ ਲਈ ਪੁਰਸਕਾਰ ਹਾਸਲ ਕੀਤਾ ਹੈ।ਚਾਰ ਮਹੀਨੇ ਪਹਿਲਾਂ 'ਵਾਸ਼ਿੰਗਟਨ' ਪੋਸਟ' ਛੱਡਣ ਵਾਲੀ ਐਨ ਟੇਲਨੈਸ ਨੂੰ ਵੀ ਸਨਮਾਨਿਤ ਕੀਤਾ ਗਿਆ ਹੈ। ਇਸ ਅਖ਼ਬਾਰ ਨੇ ਟਰੰਪ ਨਾਲ ਗੂੜ੍ਹੇ ਸਬੰਧ ਰੱਖਣ ਵਾਲੇ ਕੁੱਝ ਉਦਯੋਗਪਤੀਆਂ ਬਾਰੇ ਕਾਰਟੂਨ ਪ੍ਰਕਾਸ਼ਿਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਟੇਲਨੈਸ ਨੇ ਆਪਣੇ ਬਣਾਏ ਕਾਰਟੂਨ ਨਾ ਛਾਪਣ 'ਤੇ ਸੰਸਥਾ ਨੂੰ ਛੱਡ ਦਿੱਤਾ ਸੀ। ਪੁਲਿਤਜ਼ਰ ਨੇ ਉਸ ਦੀ 'ਨਿਡਰਤਾ' ਦੀ ਪ੍ਰਸ਼ੰਸਾ ਕੀਤੀ ਹੈ। 'ਪੁਲਿਤਜ਼ਰ' ਨੇ ਪਿਛਲੇ ਸਾਲ ਪੱਤਰਕਾਰੀ ਦੇ ਖੇਤਰ ਵਿੱਚ 15 ਸ਼੍ਰੇਣੀਆਂ ਵਿੱਚ ਸਰਵੋਤਮ ਪੱਤਰਕਾਰੀ ਕਰਨ ਵਾਲਿਆਂ ਦਾ ਸਨਮਾਨ ਕੀਤਾ।

# ਮਹਿਰਾ ਗਾਓਂ ਜਗਮਗ ਗਾਓਂ ਯੋਜਨਾ ਦੇ ਕੰਮ ਨੂੰ ਪੂਰਾ ਕਰਨ, ਫਿਰਨੀ 'ਤੇ ਟ੍ਰਾਂਸਫਾਰਮਰ ਲਗਾਉਣ ਅਤੇ ਹਾਈ ਵੋਲਟੇਜ ਤਾਰਾਂ ਨੂੰ ਹਟਾਉਣ ਦੀ ਮੰਗ ਕੀਤੀ

ਹਿਸਾਰ, 9 ਮਈ (ਪ.ਪ.) : ਜਨਤਕ ਸਮੱਸਿਆਵਾਂ ਦਾ ਤੁਰੰਤ ਹੱਲ ਪ੍ਰਦਾਨ ਕਰਨ ਲਈ, ਜ਼ਿਲ੍ਹੇ ਵਿੱਚ ਸੋਮਵਾਰ ਅਤੇ ਵੀਰਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਹੱਲ ਕੈਂਪ ਲਗਾਏ ਜਾ ਰਹੇ ਹਨ। ਮਿੰਨੀ ਸਕੱਤਰੇਤ ਵਿੱਚ ਸਥਿਤ ਜ਼ਿਲ੍ਹਾ ਆਡੀਟੋਰੀਅਮ ਵਿੱਚ ਜ਼ਿਲ੍ਹਾ ਪੱਧਰੀ ਹੱਲ ਕੈਂਪ ਲਗਾਏ ਜਾ ਰਹੇ ਹਨ ਅਤੇ ਹਾਂਸੀ, ਬਰਵਾਲਾ ਅਤੇ ਨਾਰਨੌਂਦ ਐਸਡੀਐਮ ਦਫ਼ਤਰ ਦੇ ਅਹਾਤੇ ਵਿੱਚ ਸਬ-ਡਵੀਜ਼ਨ ਪੱਧਰੀ ਹੱਲ ਕੈਂਪ ਲਗਾਏ ਜਾ ਰਹੇ ਹਨ।



ਡਿਪਟੀ ਕਮਿਸ਼ਨਰ ਅਨੀਸ਼ ਯਾਦਵ ਨੇ ਵੀਰਵਾਰ ਨੂੰ ਮਿੰਨੀ ਸਕੱਤਰੇਤ ਸਥਿਤ ਜ਼ਿਲ੍ਹਾ ਆਡੀਟੋਰੀਅਮ ਵਿੱਚ ਲਗਾਏ ਗਏ ਹੱਲ ਕੈਂਪ ਵਿੱਚ ਜਨਤਕ ਸਮੱਸਿਆਵਾਂ ਸੁਣੀਆਂ। ਸਮਾਧਾਨ ਕੈਂਪ ਵਿੱਚ, ਬਰਵਾਲਾ ਬਲਾਕ ਦੇ ਖਾਨਪੁਰ ਪਿੰਡ ਪੰਚਾਇਤ ਦੀ ਜਗਮਗ ਯੋਜਨਾ ਦਾ ਕੰਮ ਪੂਰਾ ਕਰਵਾਉਣ, ਫਿਰਨੀ 'ਤੇ ਟ੍ਰਾਂਸਫਾਰਮਰ ਲਗਾਉਣ, ਘਰਾਂ ਦੀਆਂ ਛੱਤਾਂ ਤੋਂ ਹਾਈ ਵੋਲਟੇਜ ਤਾਰਾਂ ਹਟਾਉਣ ਦੀਆਂ ਸ਼ਿਕਾਇਤਾਂ 'ਤੇ, ਡਿਪਟੀ ਕਮਿਸ਼ਨਰ ਅਨੀਸ਼ ਯਾਦਵ ਨੇ ਦੱਖਣੀ ਹਰਿਆਣਾ ਬਿਜਲੀ ਵੰਡ ਨਿਗਮ ਦੇ ਸੁਪਰਡੈਂਟ ਇੰਜੀਨੀਅਰ ਨੂੰ ਜਾਂਚ ਕਰਨ ਅਤੇ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਡੀਡੀਪੀਓ ਦਫ਼ਤਰ ਸਬੰਧੀ ਦੇਵਾਨ ਪਿੰਡ ਦੇ ਵਸਨੀਕ ਸ਼ਮਸ਼ੇਰ ਸਿੰਘ ਦੀ ਸ਼ਿਕਾਇਤ 'ਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀ ਨੂੰ ਮਾਮਲੇ ਦੀ ਜਾਂਚ ਕਰਨ ਅਤੇ ਸ਼ਿਕਾਇਤ ਦਾ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਸਨ।

ਡਿਪਟੀ ਕਮਿਸ਼ਨਰ ਅਨੀਸ਼ ਯਾਦਵ ਨੇ ਕਿਹਾ ਕਿ ਹੈੱਡਕੁਆਰਟਰ ਪੱਧਰ 'ਤੇ ਇੱਕ ਸਮਾਧਾਨ ਸੈੱਲ ਸਥਾਪਤ ਕੀਤਾ ਗਿਆ ਹੈ ਜਿੱਥੇ ਸਮਾਧਾਨ ਕੈਂਪ ਦੀਆਂ ਸ਼ਿਕਾਇਤਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਜਿਨ੍ਹਾਂ ਸ਼ਿਕਾਇਤਾਂ ਦਾ ਤੁਰੰਤ ਹੱਲ ਕੀਤਾ ਜਾ ਸਕਦਾ ਹੈ, ਉਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਂਦਾ ਹੈ ਅਤੇ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਨੀਤੀ ਨਿਰਮਾਣ ਨਾਲ ਸਬੰਧਤ ਸਮੱਸਿਆਵਾਂ ਨੂੰ ਮੁੱਖ ਦਫਤਰ ਭੇਜਿਆ ਜਾਂਦਾ ਹੈ ਤਾਂ ਜੋ ਉਨ੍ਹਾਂ ਦੇ ਸਮੇਂ ਸਿਰ ਹੱਲ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੇ ਜਾ ਸਕਣ।

ਡਿਪਟੀ ਕਮਿਸ਼ਨਰ ਨੇ ਡੀਡੀਪੀਓ ਦਫ਼ਤਰ, ਬੀਡੀਪੀਓ ਦਫ਼ਤਰ ਅਤੇ ਮਾਲ ਦਫ਼ਤਰ ਨਾਲ ਸਬੰਧਤ ਪ੍ਰਾਪਤ ਹੋਈਆਂ ਸ਼ਿਕਾਇਤਾਂ ਬਾਰੇ ਜਾਣਕਾਰੀ ਲਈ ਅਤੇ ਜ਼ਰੂਰੀ ਹਦਾਇਤਾਂ ਦਿੱਤੀਆਂ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਿਕਾਇਤਾਂ ਪ੍ਰਾਪਤ ਹੁੰਦੇ ਹੀ ਉਨ੍ਹਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਯਕੀਨੀ ਬਣਾਇਆ ਜਾਵੇ। ਤੁਸੀਂ ਜੋ ਵੀ ਕਾਰਵਾਈ ਰਿਪੋਰਟ ਬਣਾਉਂਦੇ ਹੋ, ਉਹ ਮਜ਼ਬੂਤ ? ?ਅਤੇ ਤਸੱਲੀਬਖਸ਼ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਅਧਿਕਾਰੀਆਂ ਨੂੰ ਸਬੰਧਤ ਸ਼ਿਕਾਇਤਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਇਸ ਕੰਮ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਸਮੱਸਿਆ ਦਾ ਖੁਦ ਨੋਟਿਸ ਲਓ ਅਤੇ ਸਮੱਸਿਆ ਦਾ ਹੱਲ ਕਰੋ ਅਤੇ ਸ਼ਿਕਾਇਤਕਰਤਾ ਨੂੰ ਵੀ ਸੰਤੁਸ਼ਟ ਕਰੋ। ਉਨ੍ਹਾਂ ਕਿਹਾ ਕਿ ਅਜਿਹੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਹਨ ਜਿਨ੍ਹਾਂ ਵਿੱਚ ਇੱਕ ਤੋਂ ਵੱਧ ਵਿਭਾਗ ਲੱਗੇ ਹੋਏ ਹਨ, ਇਸ ਲਈ ਆਪਸੀ ਤਾਲਮੇਲ ਨਾਲ ਸਮੱਸਿਆ ਦਾ ਹੱਲ ਕੀਤਾ ਜਾਵੇ। ਏਡੀਸੀ ਸੀ. ਜੈਸ਼ਰਧਾ ਨੇ ਸਮਾਧਾਨ ਕੈਂਪ ਵਿੱਚ CREED ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪਰਿਵਾਰਕ ਪਛਾਣ ਪੱਤਰ ਨਾਲ ਸਬੰਧਤ ਤਸਦੀਕ ਦਾ ਕੰਮ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਪੀਪੀਪੀ ਵੈਰੀਫਿਕੇਸ਼ਨ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤੀ ਨਹੀਂ ਛੱਡੀ ਜਾਣੀ ਚਾਹੀਦੀ। ਹਦਾਇਤਾਂ ਦਿੰਦੇ ਹੋਏ, ਉਨ੍ਹਾਂ ਕਿਹਾ ਹੈ ਕਿ ਪੀਪੀਪੀ ਵਿੱਚ ਆਮਦਨ, ਉਮਰ, ਕਿੱਤੇ ਆਦਿ ਨਾਲ ਸਬੰਧਤ ਗਲਤੀਆਂ ਨੂੰ ਧਿਆਨ ਨਾਲ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਲਾਪਰਵਾਹੀ ਨਾ ਕਰੋ। ਸਰਕਾਰ ਦਾ ਮੁੱਖ ਉਦੇਸ਼ ਇਹ ਹੈ ਕਿ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਪਾਰਦਰਸ਼ਤਾ ਨਾਲ ਅਤੇ ਬਿਨਾਂ ਕਿਸੇ ਦੇਰੀ ਦੇ ਮਿਲੇ। ਇਸ ਕਾਰਨ ਸਰਕਾਰ ਵੱਲੋਂ ਇੱਕ ਔਨਲਾਈਨ ਸਿਸਟਮ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਲੋਕ ਘਰ ਬੈਠੇ ਹੀ ਸਰਕਾਰੀ ਯੋਜਨਾਵਾਂ ਅਤੇ ਸੇਵਾਵਾਂ ਦਾ ਲਾਭ ਲੈ ਸਕਣ। ਸਮਾਧ ਕੈਂਪ ਵਿੱਚ ਏਡੀਸੀ ਸੀ ਜੈਸ਼ਰਧਾ, ਐਸਡੀਐਮ ਜੋਤੀ ਮਿੱਤਲ, ਸੀਈਓ ਜ਼ਿਲ੍ਹਾ ਪ੍ਰੀਸ਼ਦ ਹਰਬੀਰ ਸਿੰਘ, ਸਿਟੀ ਮੈਜਿਸਟਰੇਟ ਹਰੀਰਾਮ, ਡੀਐਸਪੀ ਸੰਜੀਵ ਕੁਮਾਰ, ਡੀਐਸਪੀ ਰਵਿੰਦਰ ਸਾਂਗਵਾਨ, ਡੀਡੀਪੀਓ ਨਰਿੰਦਰ ਸਿੰਘ, ਡੀਆਰਓ ਵਿਜੇ ਕੁਮਾਰ ਯਾਦਵ, ਏਐਮਸੀ ਪ੍ਰਦੀਪ ਕੁਮਾਰ, ਡੀਆਈਓ ਦੀਪਕ ਭਾਰਦਵਾਜ ਅਤੇ ਹੋਰ ਸਬੰਧਤ ਅਧਿਕਾਰੀ ਹਾਜ਼ਰ ਸਨ।

# ਕੈਲੇਡਨ ਵਿਖੇ ਵਿਸ਼ਵ ਪੱਧਰੀ ਆਰਬੀਸੀ ਕੈਨੇਡੀਅਨ ਓਪਨ 4 ਜੂਨ ਤੋਂ ਮੇਅਰ ਐਨੇਟ ਗਰੋਵਜ਼ ਵੱਲੋਂ ਕੀਤਾ ਸਵਾਗਤ

ਕੈਲੇਡਨ,9 ਮਈ (ਪ.ਪ.) ਕੈਲੇਡਨ ਸ਼ਹਿਰ ਨੂੰ 2025 ਆਰਬੀਸੀ ਕੈਨੇਡੀਅਨ ਓਪਨ ਲਈ ਅਧਿਕਾਰਤ ਮੇਜ਼ਬਾਨ ਭਾਈਚਾਰਾ ਹੋਣ @ਤੇ ਮਾਣ ਹੈ, ਜੋ ਕਿ 4 ਤੋਂ 8 ਜੂਨ ਤੱਕ ਓਸਪ੍ਰੇ ਵੈਲੀ ਵਿਖੇ ਟੀਪੀਸੀ ਟੋਰਾਂਟੋ ਵਿਖੇ ਹੋ ਰਿਹਾ ਹੈ। ਇਹ ਵਿਸ਼ਵ ਪੱਧਰੀ ਟੂਰਨਾਮੈਂਟ ਕੈਲੇਡਨ ਦੀ ਸੁੰਦਰਤਾ, ਜੀਵੰਤ ਆਰਥਿਕਤਾ ਅਤੇ ਇੱਕ ਪ੍ਰਮੁੱਖ ਖੇਡ ਸੈਰ-ਸਪਾਟਾ ਸਥਾਨ ਵਜੋਂ ਵਧਦੀ ਸਾਖ @ਤੇ ਰੌਸ਼ਨੀ ਪਾਉਂਦਾ ਹੈ।ਮੇਅਰ ਐਨੇਟ ਗਰੋਵਜ਼ ਨੇ ਕਿਹਾ ਕਿ ਅਸੀਂ ਕੈਲੇਡਨ ਵਿੱਚ ਆਰਬੀਸੀ ਕੈਨੇਡੀਅਨ ਓਪਨ ਦਾ ਸਵਾਗਤ ਕਰਕੇ ਬਹੁਤ ਖੁਸ਼ ਹਾਂ। ਇਹ ਇੱਕ ਗੋਲਫ ਟੂਰਨਾਮੈਂਟ ਤੋਂ ਵੱਧ ਹੈ। ਇਹ ਭਾਈਚਾਰੇ, ਮੌਕੇ ਅਤੇ ਰਾਸ਼ਟਰੀ ਮਾਣ ਦਾ ਜਸ਼ਨ ਹੈ। ਹਜ਼ਾਰਾਂ ਪ੍ਰਸ਼ੰਸਕ, ਖਿਡਾਰੀ ਅਤੇ ਪੇਸ਼ੇਵਰ ਕੈਲੇਡਨ ਦੇ ਸੁਹਜ ਅਤੇ ਮਹਿਮਾਨ ਨਵਾਜ਼ੀ ਦਾ ਅਨੁਭਵ ਕਰਨਗੇ, ਜਦੋਂ ਕਿ ਹਰ ਚੀਜ਼ ਨੂੰ ਪ੍ਰਦਰਸ਼ਿਤ ਕਰਨ ਵਿੱਚ ਮਦਦ ਕਰਨਗੇ ਜੋ ਸਾਡੇ ਸ਼ਹਿਰ ਨੂੰ




ਰਹਿਣ, ਕੰਮ ਕਰਨ ਅਤੇ ਨਿਵੇਸ਼ ਕਰਨ ਲਈ ਇੱਕ ਵਿਸ਼ੇਸ਼ ਜਗ੍ਹਾ ਬਣਾਉਂਦੀ ਹੈ।ਓਸਪ੍ਰੇ ਵੈਲੀ ਵਿਖੇ ਟੀਪੀਸੀ ਟੋਰਾਂਟੋ, ਜੋ ਕਿ ਕੈਨੇਡਾ ਦੇ ਚੋਟੀ ਦੇ ਗੋਲਫ ਸਥਾਨਾਂ ਵਿੱਚੋਂ ਇੱਕ ਵਜੋਂ ਜਾਣਿਆ ਜਾਂਦਾ ਹੈ, ਆਪਣੇ ਉੱਤਰੀ ਕੋਰਸ @ਤੇ ਓਪਨ ਦੀ ਮੇਜ਼ਬਾਨੀ ਕਰੇਗਾ। ਇੱਕ 7,400-ਯਾਰਡ ਚੈਂਪੀਅਨਸ਼ਿਪ ਲੇਆਉਟ ਜੋ ਦੁਨੀਆ ਦੇ ਸਭ ਤੋਂ ਵਧੀਆ ਦੀ ਜਾਂਚ ਕਰਨ ਲਈ ਤਿਆਰ ਕੀਤਾ ਗਿਆ ਹੈ। ਆਰਬੀਸੀ ਕੈਨੇਡੀਅਨ ਓਪਨ, 2022 ਵਿੱਚ ਗੋਲਫ ਕੈਨੇਡਾ ਦੇ ਹੈੱਡਕੁਆਰਟਰ ਨੂੰ ਟੀਪੀਸੀ ਟੋਰਾਂਟੋ ਵਿੱਚ ਤਬਦੀਲ ਕਰਨ ਦੇ ਐਲਾਨ ਤੋਂ ਬਾਅਦ, ਕੈਲੇਡਨ ਨੂੰ ਕੈਨੇਡੀਅਨ ਗੋਲਫ ਲਈ ਘਰ ਵਜੋਂ ਹੋਰ ਸਥਾਪਿਤ ਕਰਦਾ ਹੈ।ਕੈਲੇਡਨ ਦੇ ਸੀਈਓ, ਨਾਥਨ ਹਾਈਡ ਨੇ ਕਿਹਾ ਕਿ ਇਹ ਕੈਲੇਡਨ ਲਈ ਇੱਕ ਇਤਿਹਾਸਕ ਪਲ ਹੈ ਅਤੇ ਸਾਨੂੰ ਨਾ ਸਿਰਫ਼ 2025 ਵਿੱਚ, ਸਗੋਂ 2026 ਵਿੱਚ ਵੀ ਇਸ ਵੱਕਾਰੀ ਸਮਾਗਮ ਦੀ ਮੇਜ਼ਬਾਨੀ ਕਰਨ @ਤੇ ਮਾਣ ਹੈ। ਇਹ ਸਾਡੇ ਸ਼ਹਿਰ ਨੂੰ ਅੰਤਰਰਾਸ਼ਟਰੀ ਪੱਧਰ @ਤੇ ਮਜ਼ਬੂਤੀ ਨਾਲ ਰੱਖਦਾ ਹੈ, ਸਥਾਨਕ ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਲਈ ਵਿਕਾਸ ਨੂੰ ਵਧਾਉਂਦਾ ਹੈ, ਵਪਾਰਕ ਭਾਈਚਾਰੇ ਦਾ ਸਮਰਥਨ ਕਰਦਾ ਹੈ ਅਤੇ ਓਨਟਾਰੀਓ ਦੇ ਰਹਿਣ, ਜਾਣ ਅਤੇ ਨਿਵੇਸ਼ ਕਰਨ ਲਈ ਸਭ ਤੋਂ ਗਤੀਸ਼ੀਲ ਸਥਾਨਾਂ ਵਿੱਚੋਂ ਇੱਕ ਵਜੋਂ ਕੈਲੇਡਨ ਦੀ ਸਥਿਤੀ ਨੂੰ ਮਜ਼ਬੂਤ ਕਰਦਾ ਹੈ। ਇੱਕ ਪ੍ਰਫੁੱਲਤ ਸੈਰ-ਸਪਾਟਾ ਖੇਤਰ ਅਤੇ ਇੱਕ ਮਜ਼ਬੂਤ ਆਰਥਿਕ ਵਿਕਾਸ ਦ੍ਰਿਸ਼ਟੀਕੋਣ ਦੇ ਨਾਲ, ਕੈਲੇਡਨ ਨਵੇਂ ਨਿਵੇਸ਼ ਅਤੇ ਰਾਸ਼ਟਰੀ ਧਿਆਨ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਦਾ ਹੈ। ਆਰ.ਬੀ.ਸੀ. ਕੈਨੇਡੀਅਨ ਓਪਨ ਇਸ ਗਤੀ ਵਿੱਚ ਯੋਗਦਾਨ ਪਾਵੇਗਾ, ਦੁਨੀਆ ਭਰ ਦੇ ਮੀਡੀਆ, ਉਦਯੋਗ ਦੇ ਨੇਤਾਵਾਂ ਅਤੇ ਪ੍ਰਸ਼ੰਸਕਾਂ ਨੂੰ ਆਕਰਸ਼ਿਤ ਕਰੇਗਾ। 2025 ਆਰ.ਬੀ.ਸੀ. ਕੈਨੇਡੀਅਨ ਓਪਨ ਬਾਰੇ ਵਧੇਰੇ ਜਾਣਕਾਰੀ ਲਈ, ਤੇ ਦੇਖਿਆ ਜਾ ਸਕਦਾ ਹੈ।ਕੈਲੇਡਨ ਲਗਭਗ 80 ਹਜ਼ਾਰ ਨਿਵਾਸੀਆਂ ਅਤੇ 4 ਹਜ਼ਾਰ ਕਾਰੋਬਾਰਾਂ ਦਾ ਘਰ ਹੈ ਅਤੇ ਆਪਣੇ ਕੁਦਰਤੀ ਆਕਰਸ਼ਣਾਂ, ਪੇਂਡੂ ਸੁਹਜ ਅਤੇ ਗ੍ਰੇਟਰ ਟੋਰਾਂਟੋ ਖੇਤਰ ਦੇ ਆਰਥਿਕ ਇੰਜਣ ਵਿੱਚ ਮਹੱਤਵਪੂਰਨ ਭੂਮਿਕਾ ਲਈ ਜਾਣਿਆ ਜਾਂਦਾ ਹੈ। ਇਹ ਜਲਦੀ ਹੀ ਓਂਟਾਰੀਓ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਭਾਈਚਾਰਿਆਂ ਵਿੱਚੋਂ ਇੱਕ ਹੋਵੇਗਾ ਕਿਉਂਕਿ ਇਹ 2051 ਤੱਕ 3 ਲੱਖ ਨਿਵਾਸੀਆਂ ਅਤੇ 1 ਲੱਖ 25 ਹਜ਼ਾਰ ਨੌਕਰੀਆਂ ਵਾਲਾ ਸ਼ਹਿਰ ਬਣਨ ਦੀ ਤਿਆਰੀ ਕਰ ਰਿਹਾ ਹੈ। ਆਪਣੀ ਮੌਜੂਦਾ ਰਣਨੀਤਕ ਯੋਜਨਾ ਦੇ ਤਹਿਤ, ਕੈਲੇਡਨ ਦੀਆਂ ਤਰਜੀਹਾਂ ਵਾਤਾਵਰਣ ਅਗਵਾਈ, ਭਾਈਚਾਰਕ ਜੀਵਨਸ਼ਕਤੀ ਅਤੇ ਰਹਿਣਯੋਗਤਾ, ਵਧੀ ਹੋਈ ਆਵਾਜਾਈ ਅਤੇ ਗਤੀਸ਼ੀਲਤਾ, ਅਤੇ ਸੇਵਾ ਉੱਤਮਤਾ ਅਤੇ ਜਵਾਬਦੇਹੀ ਹਨ।

# ਕੇਂਦਰ ਦੇ ਨਾਲ ਮਿਲ ਕੇ ਕਿਸਾਨਾਂ ਦੇ ਲਈ ਨਵੇਂ ਮੌਕਿਆਂ ਵੱਲ ਵਧੇਗਾ ਹਰਿਆਣਾ: ਸ਼ਿਆਮ ਸਿੰਘ ਰਾਣਾ

ਨਵੀਂ ਦਿੱਲੀ, 9 ਮਈ (ਪ.ਪ.): ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਸੂਬਾ ਸਰਕਾਰ ਹਰਿਆਣਾ ਵਿੱਚ ਕਿਸਾਨਾਂ ਦੀ ਬਿਹਤਰੀ ਲਈ ਕੇਂਦਰ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਨ ਲਈ ਪ੍ਰਤੀਬੱਧ ਹੈ। ਖੇਤੀਬਾੜੀ ਦੇ ਖੇਤਰ ਵਿੱਚ ਕਈ ਨਵੇਂ ਮੌਕਿਆਂ ਦੀ ਸ਼ੁਰੂਆਤ ਹੋ ਚੁੱਕੀ ਹੈ, ਅਤੇ ਅਸੀਂ ਇੰਨ੍ਹਾਂ ਮੌਕਿਆਂ ਦਾ ਸਹੀ ਢੰਗ ਨਾਲ ਵਰਤੋ ਕਰਾਂਗੇ।



ਸ੍ਰੀ ਰਾਣਾ ਅੱਜ ਨਵੀਂ ਦਿੱਲੀ ਵਿੱਚ ਖੇਤੀ ਖਰੀਫ ਮੁਹਿੰਮ 2025 'ਤੇ ਪ੍ਰਬੰਧਿਤ ਕੌਮੀ ਸਮੇਲਨ ਵਿੱਚ ਬੋਲ ਰਹੇ ਸਨ। ਇਸ ਮੌਕੇ 'ਤੇ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਮੁੱਖ ਮਹਿਮਾਨ ਵਜੋ ਮੌਜੂਦ ਸਨ।

ਇਸ ਸਮੇਲਨ ਵਿੱਚ 10 ਤੋਂ ਵੱਧ ਸੂਬਿਆਂ ਦੇ ਖੇਤੀਬਾੜੀ ਮੰਤਰੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ ਅਤੇ ਕਈ ਮਾਹਰਾਂ ਨੇ ਵਰਚੂਅਲ ਢੰਗ ਨਾਲ ਵੀ ਜੁੜ ਕੇ ਖੇਤੀਬਾੜੀ ਖੇਤਰ ਦੀ ਉਨੱਤੀ ਲਈ ਕੇਂਦਰ ਸਰਕਾਰ ਨਾਲ ਮਿਲ ਕੇ ਕੰਮ ਕਰਨ ਦੀ ਸਹਿਮਤੀ ਜਤਾਈ ਹਰਿਆਣਾ ਦੇ ਖੇਤੀਬਾੜੀ ਮੰਤਰੀ ਨੇ ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਖੇਤੀ ਖਰੀਫ ਮੁਹਿੰਮ 2025 'ਤੇ ਕੌਮੀ ਸਮੇਲਨ ਦਾ ਪ੍ਰਬੰਧ ਬਹੁਤ ਮਹੱਤਵਪੂਰਣ ਹੈ ਅਤੇ ਮੈਂ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਦਾ ਧੰਨਵਾਦ ਕਰਦਾ ਹਾਂ। ਇਸ ਸਮੇਲਨ ਨੇ ਸਾਡੇ ਕਿਸਾਨਾਂ ਲਈ ਨਵੇਂ ਦਿਸ਼ਾ-ਨਿਰਦੇਸ਼ ਅਤੇ ਮੌਕੇ ਪ੍ਰਦਾਨ ਕੀਤੇ ਹਨ। ਸਾਨੂੰ ਮਾਣ ਹੈ ਕਿ ਕੇਂਦਰ ਸਰਕਾਰ ਖੇਤੀ ਖੇਤਰ ਦੀ ਉਨੱਤੀ ਲਈ ਲਗਾਤਾਰ ਯਤਨਸ਼ੀਲ ਹੈ।

ਉਨ੍ਹਾਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਖੇਤੀਬਾੜੀ ਵਿਗਿਆਨਕਾਂ ਵੱਲੋਂ ਝੋਨੇ ਦੀ ਦੋ ਨਵੀਂ ਕਿਸਮਾਂ ਵਿਕਸਿਤ ਕੀਤੀ ਗਈਆਂ ਹਨ, ਜਿਨ੍ਹਾਂ ਨਾਲ ਉਤਪਾਦਨ ਵਿੱਚ ਵਾਧਾ ਹੋਵੇਗਾ। ਹੁਣ ਫਸਲ 20 ਦਿਨ ਪਹਿਲਾਂ ਤਿਆਰ ਹੋ ਜਾਵੇਗੀ, ਪਾਣੀ ਦੀ ਬਚੱਤ ਹੋਵੇਗੀ, ਅਤੇ ਮੀਥੇਨ ਗੈਸ ਦਾ ਉਤਸਰਜਨ ਘੱਟ ਹੋਵੇਗਾ। ਜਲਦੀ ਹੀ ਇਹ ਕਿਸਮਾਂ ਕਿਸਾਨਾਂ ਨੂੰ ਉਪਲਬਧ ਕਰਾਈ ਜਾਣਗੀਆਂ। 2014 ਦੇ ਬਾਅਦ ਸਾਡੇ ਵਿਗਿਆਨਕਾਂ ਨੇ 2,900 ਨਵੀਂ ਕਿਸਮਾਂ ਦਾ ਵਿਕਾਸ ਕੀਤਾ ਹੈ। ਉਨ੍ਹਾਂ ਨੇ ਅੱਗੇ ਕਿਹਾ ਹਰਿਆਣਾ ਸਰਕਾਰ ਦਾ ਵੀ ਮੁੱਖ ਉਦੇਸ਼ ਉਤਪਾਦਨ ਵਧਾਉਣਾ, ਉਤਪਾਦਨ ਦੀ ਲਾਗਤ ਨੂੰ ਘਟਾਉਣਾ, ਉਤਪਾਦਾਂ ਦੇ ਸਹੀ ਮੁੱਲ ਯਕੀਨੀ ਕਰਲਾ, ਆਪਦਾ ਦੇ ਸਮੇਂ ਕਿਸਾਨਾਂ ਨੂੰ ਸਹਾਇਤਾ ਦੇਣਾ ਅਤੇ ਫੱਲਾਂ ਅਤੇ ਫੁੱਲਾਂ ਦੀ ਖੇਤੀ ਨੂੰ ਪ੍ਰੋਤਸਾਹਨ ਦੇਣਾ ਹੈ।

ਸ੍ਰੀ ਰਣਾ ਨੇ ਉਮੀਦ ਜਤਾਈ ਕਿ ਇਹ ਸਮੇਲਨ ਯਕੀਨੀ ਰੂਪ ਨਾਲ ਭਾਰਤ ਦੇ ਖੇਤੀਬਾੜੀ ਵਿਕਾਸ ਵਿੱਚ ਅਹਿਮ ਭੁਕਿਮਾ ਨਿਭਾਏਗਾ।

## ਬਾਬਾ ਰਾਮਦੇਵ ਦਾ ਵੱਡਾ ਬਿਆਨ, ਕਿਹਾ- ਹੁਣ ਪੀਓਕੇ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਬਣਾਇਆ ਜਾਵੇ

, ਹਰਿਦੁਆਰ: 9 ਮਈ (ਪ.ਪ.) ਯੋਗ ਗੁਰੂ ਸਵਾਮੀ ਰਾਮਦੇਵ ਨੇ ਕਿਹਾ ਕਿ ÷ਉਨ੍ਹਾਂ ਨੇ ਸਾਡੇ ਮਾਸੂਮ ਨਾਗਰਿਕਾਂ ਨੂੰ ਮਾਰਿਆ ਅਤੇ ਸਾਡੀਆਂ ਮਾਵਾਂ ਅਤੇ ਭੈਣਾਂ ਦਾ @ਸਿੰਦੂਰ@ ਖੋਹਣ ਦੀ ਹਿੰਮਤ ਕੀਤੀ। ਸਾਡੀਆਂ ਹਥਿਆਰਬੰਦ ਸੈਨਾਵਾਂ ਨੇ @ਆਪ੍ਰੇਸ਼ਨ ਸਿੰਦੂਰ@ ਰਾਹੀਂ ਅਜਿਹੇ ਅੱਤਵਾਦੀਆਂ ਨੂੰ ਢੁਕਵਾਂ ਜਵਾਬ ਦਿੱਤਾ ਹੈ ਅਤੇ ਉਨ੍ਹਾਂ ਨੂੰ ਮਾਰ ਕੇ ਇੱਕ ਸਪੱਸ਼ਟ ਸੰਦੇਸ਼ ਦਿੱਤਾ ਹੈ।÷ਮੈਨੂੰ ਅੱਗੇ ਉਮੀਦ ਹੈ ਕਿ ਸਾਡੀਆਂ ਫੌਜਾਂ ਹੁਣ ਅਜਿਹੀ ਫੈਸਲਾਕੁੰਨ ਟੱਕਰ ਦੇਣਗੀਆਂ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ ਜਾਵੇ। ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਰਣਨੀਤਕ ਦ੍ਰਿਸ਼ਟੀਕੋਣ ਤੋਂ ਬਹੁਤ ਦੂਰਦਰਸ਼ੀ ਢੰਗ ਨਾਲ ਅਜਿਹੀ ਨੀਤੀ ਅਪਣਾਉਣੀ ਚਾਹੀਦੀ ਹੈ, ਜੋ ਪਾਕਿਸਤਾਨ ਨੂੰ ਭਵਿੱਖ ਵਿੱਚ ਅਜਿਹੀ ਕੋਈ ਵੀ ਹਿੰਮਤ ਕਰਨ ਤੋਂ ਪਹਿਲਾਂ ਸੌ ਵਾਰ ਸੋਚਣ ਲਈ ਮਜਬੂਰ ਕਰੇ।

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਵਤਨ ਪਰਤੀ

)ਢਾਕਾ, 9 ਮਈ (ਪ.ਪ.) ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਲੰਡਨ ਵਿੱਚ ਚਾਰ ਮਹੀਨੇ ਇਲਾਜ ਕਰਵਾਉਣ ਮਗਰੋਂ ਅੱਜ ਵਤਨ ਪਰਤ ਆਏ ਹਨ। ਬੀਐੱਨਪੀ ਦੇ ਇੱਕ ਆਗੂ ਨੇ ਉਮੀਦ ਪ੍ਰਗਟਾਈ ਕਿ ਉਨ੍ਹਾਂ ਦੀ ਵਤਨ ਵਾਪਸੀ ਨਾਲ ਦੇਸ਼ 'ਚ ਜਮਹੂਰੀਅਤ ਦੀ ਬਹਾਲੀ 'ਚ ਮਦਦ ਮਿਲੇਗੀ। ਖ਼ਾਲਿਦਾ ਜ਼ਿਆ ਬਿਹਤਰ ਇਲਾਜ ਲਈ 8 ਜਨਵਰੀ ਨੂੰ ਲੰਡਨ ਗਈ ਸੀ ਅਤੇ ਉਸਨੂੰ ਦਿ ਲੰਡਨ ਕਲੀਨਿਕ ਵਿੱਚ ਦਾਖਲ ਕਰਵਾਇਆ ਗਿਆ ਸੀ। ਕਲੀਨਿਕ ਤੋਂ ਛੁੱਟੀ ਮਿਲਣ ਮਗਰੋਂ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਦੀ ਚੇਅਰਪਰਸਨ ਜ਼ਿਆ ਆਪਣੇ ਸਭ ਤੋਂ ਛੋਟੇ ਬੇਟੇ ਤਾਰਿਕ ਰਹਿਮਾਨ ਦੇ ਘਰ ਚਲੀ ਗਈ। ਦੱਸਣਯੋਗ ਹੈ ਕਿ ਬੰਗਲਦੇਸ਼ ਦੀ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੀ ਖ਼ਾਲਿਦਾ ਜ਼ਿਆ (79) ਲਿਵਰ



ਸਿਰੋਸਿਸ, ਗੁਰਦਿਆਂ ਦੇ ਰੋਗ, ਦਿਲ ਸਬੰਧੀ ਸਮੱਸਿਆਵਾਂ, ਸ਼ੂਗਰ ਤੇ ਗਠੀਆ ਤੋਂ ਪੀੜਤ ਹੈ। 'ਢਾਕਾ ਟ੍ਰਿਬਿਊਨ' ਨੇ ਬੀਐੱਨਪੀ ਮੀਡੀਆ ਸੈੱਲ ਮੈਂਬਰ ਸੈਰੁਲ ਕਬੀਰ ਖ਼ਾਨ ਦੇ ਹਵਾਲੇ ਨਾਲ ਦੱਸਿਆ ਕਿ ਖਾਲਿਦਾ ਤੇ ਉਨ੍ਹਾਂ ਦੇ ਨਾਲ ਆਏ ਵਿਅਕਤੀਆਂ ਨੂੰ ਲੈ ਕਤਰ ਦੀ ਸ਼ਾਹੀ ਏਅਰ ਐਂਬੂਲੈਂਸ ਸਵੇਰੇ 10.40 ਵਜੇ ਹਜ਼ਰਤ ਸ਼ਾਹਜਲਾਲ ਕੌਮਾਂਤਰੀ ਹਵਾਈ ਅੱਡੇ 'ਤੇ ਉੱਤਰੀ। ਖਾਲਿਦਾ ਦੀਆਂ ਨੂੰਹਾਂ ਤਾਰਿਕ ਰਹਿਮਾਨ ਦੀ ਪਤਨੀ ਜ਼ੁਬੈਦਾ ਰਹਿਮਾਨ ਤੇ ਮਰਹੂਮ ਅਰਾਫ਼ਾਤ ਰਹਿਮਾਨ ਕੋਕੋ ਦੀ ਵਿਧਵਾ ਸਈਦਾ ਸ਼ਰਮੀਲਾ ਰਹਿਮਾਨ ਉਨ੍ਹਾਂ ਦੇ ਨਾਲ ਸਨ।

# ਭੁੱਖ ਨਾ ਲੱਗਣ ਦੇ ਕੀ ਹਨ ਕਾਰਨ !

ਭੁੱਖ ਨਾ ਲੱਗਣਾ ਇਕ ਆਮ ਪਰ ਗੰਭੀਰ ਲੱਛਣ ਹੋ ਸਕਦਾ ਹੈ, ਜੋ ਸਰੀਰ 'ਚ ਹੋ ਰਹੀ ਕਿਸੇ



ਅੰਦਰੂਨੀ ਗੜਬੜ ਜਾਂ ਮਾਨਸਿਕ ਅਸਥਿਰਤਾ ਦੀ ਨਿਸ਼ਾਨੀ ਹੋ ਸਕਦਾ ਹੈ। ਜਦੋਂ ਕਿਸੇ ਵਿਅਕਤੀ ਨੂੰ ਸਮੇਂ 'ਤੇ ਖਾਣ ਦੀ ਇੱਛਾ ਨਹੀਂ ਹੁੰਦੀ ਜਾਂ ਖਾਣਾ ਵੇਖ ਕੇ ਵੀ ਮਨ ਨਾ ਕਰੇ, ਤਾਂ ਇਹ ਸਮੱਸਿਆ ਆਹਿਸਤਾ-ਆਹਿਸਤਾ ਸਰੀਰਕ ਕਮਜ਼ੋਰੀ, ਭਾਰ ਘਟਣ ਅਤੇ ਪੋਸ਼ਣ ਦੀ ਘਾਟ ਵੱਲ ਲੈ ਜਾ ਸਕਦੀ ਹੈ। ਇਸ ਲਈ ਭੁੱਖ ਨਾ ਲੱਗਣ ਦੇ ਕਾਰਨ ਸਮਝਣਾ ਅਤੇ ਉਨ੍ਹਾਂ ਦਾ ਉਚਿਤ ਇਲਾਜ ਕਰਨਾ ਬਹੁਤ ਜ਼ਰੂਰੀ ਹੈ।

**ਮਾਨਸਿਕ ਤਣਾਅ ਜਾਂ ਡਿਪਰੈਸ਼ਨ;** - ਚਿੰਤਾ, ਉਦਾਸੀ ਜਾਂ ਡਿਪਰੈਸ਼ਨ ਵਿਚਾਲੇ ਵਿਅਕਤੀ ਅਕਸਰ ਭੁੱਖ ਖੋ ਬੈਠਦਾ ਹੈ।

**ਬਿਮਾਰੀਆਂ:** ਜਿਵੇਂ ਕਿ ਜ਼ੁਕਾਮ, ਬੁਖਾਰ, ਹਾਈਪੋਥਾਇਰਾਇਡਿਜ਼ਮ, ਕੈਂਸਰ, ਲਿਵਰ ਜਾਂ ਕਿਡਨੀ ਦੀ ਬਿਮਾਰੀ।

**ਐਸੀਡੀਟੀ :** ਪਾਚਨ ਤੰਤਰ 'ਚ ਗੜਬੜੀ ਹੋਣਾ ਜਿਵੇਂ ਕਿ ਗੈਸ, ਅਮਲਤਾਸ਼, ਐਸੀਡੀਟੀ ਆਦਿ।

**ਦਵਾਈਆਂ ਦੇ ਸਾਈਡ ਇਫੈਕਟ:** ਕੁਝ ਐਂਟੀਬਾਇਓਟਿਕਸ ਜਾਂ ਡਿਪਰੈਸ਼ਨ ਦੀਆਂ ਦਵਾਈਆਂ ਭੁੱਖ ਘਟਾ ਸਕਦੀਆਂ ਹਨ।

**ਹਾਰਮੋਨਲ ਗੜਬੜ:** ਹਾਰਮੋਨਲ ਬਦਲਾਅ, ਖਾਸ ਕਰਕੇ ਔਰਤਾਂ 'ਚ ਮਾਸਿਕ ਧਰਮ ਜਾਂ ਮੈਨੋਪੌਜ਼ ਸਮੇਂ।

ਮੈਗਨੀਸ਼ੀਅਮ ਜਾਂ ਕੈਲਸ਼ੀਅਮ ਦੀ ਕਮੀ – ਇਹ ਖਣਿਜ ਭੁੱਖ ਅਤੇ ਹਾਜ਼ਮੇ ਨੂੰ ਪ੍ਰਭਾਵਿਤ ਕਰਦੇ ਹਨ।

**ਜ਼ਿਆਦਾ ਸਮੇਂ ਤੱਕ ਫਾਸਟਿੰਗ ਕਰਨਾ:** ਭੁੱਖ ਦੀ ਭਾਵਨਾ ਕੁਝ ਸਮੇਂ ਲਈ ਮਰ ਜਾਂਦੀ ਹੈ।

**ਗਰਭਅਵਸਥਾ ਦੇ ਸ਼ੁਰੂਆਤੀ ਮਹੀਨੇ :** ਮਤਲੀ ਜਾਂ ਚੱਕਰਾਂ ਨਾਲ ਭੁੱਖ ਘਟ ਜਾਂਦੀ ਹੈ।

**ਬੁਜ਼ੁਰਗ ਅਵਸਥਾ:** ਉਮਰ ਵਧਣ ਨਾਲ ਸਰੀਰ ਦੀ ਭੁੱਖ ਘਟਣੀ ਆਮ ਗੱਲ ਹੈ।

# .ਗੈਰਕਾਨੂੰਨੀ ਪਰਵਾਸੀਆਂ ਨੂੰ ਦੇਸ਼ ਛੱਡਣ ਲਈ 1000 ਅਮਰੀਕੀ ਡਾਲਰ ਦੇਵੇਗਾ ਟਰੰਪ ਪ੍ਰਸ਼ਾਸਨ

ਵਾਸ਼ਿੰਗਟਨ, 9 ਮਈ (ਪ.ਪ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਨੇ ਕਿਹਾ ਕਿ ਉਹ ਦੇਸ਼ ਵਿਚ ਗੈਰਕਾਨੂੰਨੀ ਢੰਗ ਨਾਲ ਰਹਿ



ਰਹੇ ਉਨ੍ਹਾਂ ਪ੍ਰਵਾਸੀਆਂ ਨੂੰ 1,000 ਅਮਰੀਕੀ ਡਾਲਰ ਦਾ ਭੁਗਤਾਨ ਕਰੇਗਾ, ਜੋ ਸਵੈ-ਇੱਛਾ ਨਾਲ ਆਪਣੇ ਦੇਸ਼ ਪਰਤਣ ਦੀ ਵਿਉਂਤਾਂ ਘੜ ਰਹੇ ਹਨ। ਗ੍ਰਹਿ ਸੁਰੱਖਿਆ ਵਿਭਾਗ ਨੇ ਇਕ ਪ੍ਰੈੱਸ ਬਿਆਨ ਵਿਚ ਕਿਹਾ ਕਿ ਉਹ ਯਾਤਰਾ ਸਹਾਇਤਾ ਲਈ ਭੁਗਤਾਨ ਕਰੇਗਾ ਤੇ ਜਿਹੜੇ ਲੋਕ ਸੀਬੀਪੀ ਹੋਮ ਨਾਂ ਦੇ ਐਪ ਦੀ ਵਰਤੋਂ ਕਰਕੇ ਸਰਕਾਰ ਨੂੰ ਦੱਸਣਗੇ ਕਿ ਉਹ ਘਰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ ਤਾਂ ਅਜਿਹੇ ਵਿਅਕਤੀਆਂ ਨੂੰ ਉਨ੍ਹਾਂ ਦੇ ਮੁਲਕ ਵਾਪਸ ਭੇਜਣ ਦਾ ਪ੍ਰਬੰਧ ਕੀਤਾ ਜਾਵੇਗਾ।

# ਤੁਹਾਡੇ ਪੈਰਾਂ ਦੀਆਂ ਤਲ਼ਿਆਂ 'ਤੇ ਵੀ ਹੁੰਦੀ ਹੈ ਜਲਣ, ਅਪਣਾਓ ਇਹ ਨੁਸਕਾ, ਮਿਲੇਗਾ ਰਾਹਤ

ਗਰਮੀਆਂ ਚ ਪੈਰਾਂ ਦੇ ਤਲ਼ਿਆਂ ਵਿੱਚ ਜਲਣ ਸਮੱਸਿਆ ਵੱਧ ਜਾਂਦੀ ਹੈ। ਇਹ ਸਮੱਸਿਆ



ਬਜ਼ੁਰਗਾਂ ਜਾਂ ਮੱਧ-ਉਮਰ ਦੇ ਲੋਕਾਂ ਵਿੱਚ ਦੇਖੀ ਜਾਂਦੀ ਹੈ ਪਰ ਅੱਜ-ਕੱਲ੍ਹ ਇਹ ਸਮੱਸਿਆ ਨੌਜਵਾਨਾਂ ਵਿੱਚ ਵੀ ਦੇਖੀ ਜਾ ਰਹੀ ਹੈ। ਵਿਟਾਮਿਨ ਬੀ12 ਦੀ ਕਮੀ, ਡਾਇਬੀਟਿਕ ਨਿਊਰੋਪੈਥੀ ਵਰਗੀਆਂ ਸਮੱਸਿਆਵਾਂ ਇਸ ਜਲਣ ਦੇ ਪਿੱਛੇ ਮੁੱਖ ਕਾਰਨ ਹੋ ਸਕਦੀਆਂ ਹਨ।

**ਚੰਦਨ ਪਾਊਡਰ ਦਾ ਪੇਸਟ ;** ਜੇਕਰ ਤੁਹਾਡੇ ਤਲੇ ਗਰਮੀ ਕਾਰਨ ਸੜ ਰਹੇ ਹਨ ਤਾਂ ਚੰਦਨ ਪਾਊਡਰ ਦੀ ਵਰਤੋਂ ਕਰਨਾ ਇੱਕ ਵਧੀਆ ਹੱਲ ਹੋ ਸਕਦਾ ਹੈ। ਇਸ ਦੇ ਲਈ ਥੋੜ੍ਹਾ ਜਿਹਾ ਚੰਦਨ ਪਾਊਡਰ ਲਓ ਅਤੇ ਉਸ ਵਿੱਚ ਗੁਲਾਬ ਜਲ ਜਾਂ ਸਾਦਾ ਪਾਣੀ ਮਿਲਾ ਕੇ ਇੱਕ ਮੁਲਾਇਮ ਪੇਸਟ ਤਿਆਰ ਕਰੋ। ਹੁਣ ਇਸ ਪੇਸਟ ਨੂੰ ਤਲੇ ਤੇ ਚੰਗੀ ਤਰ੍ਹਾਂ ਲਗਾਓ ਅਤੇ ਲਗਭਗ 30 ਮਿੰਟ ਲਈ ਛੱਡ ਦਿਓ।

**ਪੈਰਾਂ ਨੂੰ 15 ਮਿੰਟ ਲਈ ਠੰਡੇ ਪਾਣੀ ਵਿੱਚ ਰੱਖੋ ;** ਆਪਣੇ ਪੈਰਾਂ ਨੂੰ ਘੱਟੋ-ਘੱਟ 15 ਮਿੰਟ ਲਈ ਠੰਡੇ ਪਾਣੀ ਵਿੱਚ ਭਿਓਣ ਨਾਲ ਤੁਹਾਨੂੰ ਤੁਰੰਤ ਰਾਹਤ ਮਿਲ ਸਕਦੀ ਹੈ। ਦਰਅਸਲ, ਕਈ ਵਾਰ ਸਰੀਰ ਵਿੱਚ ਪਾਣੀ ਦੀ ਕਮੀ ਜਾਂ ਸਰੀਰ ਦੀ ਜ਼ਿਆਦਾ ਗਰਮੀ ਕਾਰਨ ਪੈਰਾਂ ਦੇ ਤਲੇ ਸੜ ਸਕਦੇ ਹਨ। ਅਜਿਹੀ ਸਥਿਤੀ ਵਿੱਚ ਪੈਰਾਂ ਨੂੰ ਠੰਡੇ ਪਾਣੀ ਵਿੱਚ ਰੱਖਣ ਨਾਲ ਜਲਣ ਤੋਂ ਤੁਰੰਤ ਰਾਹਤ ਮਿਲ ਸਕਦੀ ਹੈ।

**ਨੀਲਗਿਰੀ ਤੇਲ ਨਾਲ ਪੈਰਾਂ ਦੀ ਕਰੋ ਮਾਲਿਸ਼ ;** ਨੀਲਗਿਰੀ ਤੇਲ ਨਾਲ ਪੈਰਾਂ ਦੀ ਮਾਲਿਸ਼ ਪੈਰਾਂ ਚ ਜਲਣ ਅਤੇ ਦਰਦ ਤੋਂ ਰਾਹਤ ਪਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਇਹ ਤਰੀਕਾ ਜਲਦੀ ਨਤੀਜੇ ਦਿਖਾਉਂਦਾ ਹੈ। ਨੀਲਗਿਰੀ ਤੇਲ ਠੰਡਾ ਹੁੰਦਾ ਹੈ ਅਤੇ ਇਸ ਵਿੱਚ ਸਾੜ ਵਿਰੋਧੀ ਗੁਣ ਹੁੰਦੇ ਹਨ, ਜੋ ਦਰਦ ਤੋਂ ਤੁਰੰਤ ਰਾਹਤ ਪ੍ਰਦਾਨ ਕਰ ਸਕਦੇ ਹਨ।

**ਪੁਦੀਨੇ ਦਾ ਤੇਲ ਲਗਾਓ ;** ਤਲੀਆਂ ਤੇ ਪੁਦੀਨੇ ਦੇ ਤੇਲ ਦੀ ਵਰਤੋਂ ਕਰਨ ਨਾਲ ਤੁਹਾਨੂੰ ਬਹੁਤ ਰਾਹਤ ਮਿਲ ਸਕਦੀ ਹੈ। ਇਹ ਤਰੀਕਾ ਹਮੇਸ਼ਾ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ ਅਤੇ ਤੁਹਾਨੂੰ ਆਰਾਮਦਾਇਕ ਮਹਿਸੂਸ ਕਰਾਉਂਦਾ ਹੈ। ਪੁਦੀਨੇ ਦਾ ਤੇਲ ਠੰਡਾ ਹੁੰਦਾ ਹੈ, ਜੋ ਨਸਾਂ ਨੂੰ ਆਰਾਮ ਦਿੰਦਾ ਹੈ ਅਤੇ ਜਲਣ ਦੀ ਭਾਵਨਾ ਨੂੰ ਘਟਾਉਂਦਾ ਹੈ। ਇਸ ਤੋਂ ਇਲਾਵਾ ਇਹ ਤੁਹਾਨੂੰ ਜਲਦੀ ਸੌਣ ਵਿੱਚ ਵੀ ਮਦਦ ਕਰ ਸਕਦਾ ਹੈ।

**ਐਪਲ ਸਾਈਡਰ ਸਿਰਕਾ ;** ਕੋਸੇ ਪਾਣੀ ਵਿੱਚ ਐਪਲ ਸਾਈਡਰ ਸਿਰਕਾ ਮਿਲਾ ਕੇ ਪੈਰਾਂ ਨੂੰ ਇਸ ਵਿੱਚ ਭਿਉਂ ਕੇ ਲਗਾਉਣ ਨਾਲ ਪੈਰਾਂ ਵਿੱਚ ਜਲਣ ਦੀ ਭਾਵਨਾ ਤੋਂ ਰਾਹਤ ਮਿਲਦੀ ਹੈ। ਇਹ ਪ੍ਰਕਿਰਿਆ ਪਹਿਲਾਂ ਤੁਹਾਡੇ ਤਲੀਆਂ ਦੇ ਚਮੜੀ ਦੇ ਛੇਦ ਖੋਲ੍ਹਦੀ ਹੈ, ਫਿਰ ਦਰਦ ਅਤੇ ਸੋਜ ਤੋਂ ਰਾਹਤ ਦਿੰਦੀ ਹੈ।

# ਤਹੱਵੁਰ ਰਾਣਾ ਦੀ ਪਟੀਸ਼ਨ ਤੇ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ .ਫੈਸਲਾ ਰੱਖਿਆ ਸੁਰੱਖਿਅਤ

ਨਵੀਂ ਦਿੱਲੀ, 9 ਮਈ (ਪ.ਪ) : ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਤਹੱਵੁਰ ਰਾਣਾ ਵੱਲੋਂ ਦਾਇਰ ਪਟੀਸ਼ਨ ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੇ ਪਰਿਵਾਰ ਨਾਲ ਟੈਲੀਫੋਨ ਤੇ ਗੱਲਬਾਤ ਕਰਨ ਦੀ ਇਜਾਜ਼ਤ ਮੰਗੀ ਸੀ। ਰਾਣਾ ਦੇ ਕਾਨੂੰਨੀ ਵਕੀਲ ਨੇ ਦਲੀਲ ਦਿੱਤੀ ਕਿ, ਇੱਕ ਵਿਦੇਸ਼ੀ ਨਾਗਰਿਕ ਹੋਣ ਦੇ ਨਾਤੇ, ਇਹ ਉਨ੍ਹਾਂ ਦਾ ਮੌਲਿਕ ਅਧਿਕਾਰ ਹੈ ਕਿ ਉਹ ਆਪਣੇ ਪਰਿਵਾਰ ਨਾਲ ਗੱਲਬਾਤ ਕਰਨ, ਜੋ ਹਿਰਾਸਤ ਵਿੱਚ ਰਹਿਣ ਦੌਰਾਨ ਉਨ੍ਹਾਂ ਦੇ ਇਲਾਜ ਬਾਰੇ ਚਿੰਤਤ ਹਨ।ਹਾਲਾਂਕਿ, ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਚੱਲ ਰਹੀ ਜਾਂਚ ਦਾ ਹਵਾਲਾ ਦਿੰਦੇ ਹੋਏ ਅਤੇ ਇਹ ਚਿੰਤਾ ਜ਼ਾਹਰ ਕਰਦੇ ਹੋਏ ਬੇਨਤੀ ਦਾ ਵਿਰੋਧ ਕੀਤਾ ਕਿ ਰਾਣਾ ਸੰਵੇਦਨਸ਼ੀਲ ਜਾਣਕਾਰੀ ਦਾ ਖੁਲਾਸਾ ਕਰ ਸਕਦਾ ਹੈ।

# ਅਮਰੀਕਾ 'ਚ ਖਸਰੇ ਦੇ 800 ਤੋਂ ਵੱਧ ਮਾਮਲੇ ਆਏ ਸਾਹਮਣੇ

ਲਾਸ ਏਂਜਲਸ, 9 ਮਈ (ਪ.ਪ) :ਅਮਰੀਕਾ ਵਿੱਚ ਇਸ ਸਾਲ ਹੁਣ ਤੱਕ ਖਸਰੇ ਦੇ 884 ਪੁਸ਼ਟੀ ਕੀਤੇ ਮਾਮਲੇ ਸਾਹਮਣੇ ਆਏ ਹਨ, ਜੋ ਕਿ ਪਿਛਲੇ ਸਾਲ ਨਾਲੋਂ ਤੇਜ਼ੀ ਨਾਲ ਵੱਧ ਹਨ। ਇਹ ਜਾਣਕਾਰੀ ਯੂ.ਐਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ) ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਵਿੱਚ ਦਿੱਤੀ ਗਈ ਹੈ। 2025 ਵਿੱਚ ਹੁਣ ਤੱਕ ਦੇਸ਼ ਭਰ ਵਿੱਚ 11 ਖਸਰੇ ਦੇ ਪ੍ਰਕੋਪ ਦੀ ਰਿਪੋਰਟ ਕੀਤੀ ਗਈ ਹੈ। ਸੀ.ਡੀ.ਸੀ ਇੱਕ ਪ੍ਰਕੋਪ ਨੂੰ ਤਿੰਨ ਜਾਂ ਵੱਧ ਸੰਬੰਧਿਤ ਮਾਮਲਿਆਂ ਵਜੋਂ ਪਰਿਭਾਸ਼ਿਤ ਕਰਦਾ ਹੈ। ਅਮਰੀਕਾ ਦੇ 30 ਅਧਿਕਾਰ ਖੇਤਰਾਂ ਵਿੱਚ ਪੁਸ਼ਟੀ ਕੀਤੇ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 94 ਹਸਪਤਾਲ ਵਿੱਚ ਦਾਖਲ ਹੋਏ ਹਨ ਅਤੇ ਤਿੰਨ ਮੌਤਾਂ ਇਸ ਬਿਮਾਰੀ ਕਾਰਨ ਹੋਈਆਂ ਹਨ। ਇਸ ਸਾਲ ਖਸਰੇ ਦੇ ਮਾਮਲਿਆਂ ਦੀ ਗਿਣਤੀ 2024 ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੈ, ਜਦੋਂ ਦੇਸ਼ ਵਿੱਚ ਕੁੱਲ 285 ਖਸਰੇ ਦੇ ਮਾਮਲੇ ਸਾਹਮਣੇ ਆਏ ਸਨ। ਸੀ.ਡੀ.ਸੀ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਖਸਰੇ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਟੀਕਾਕਰਨ ਹੈ। ਐਮ.ਐਮ.ਆਰ (ਖਸਰਾ, ਕੰਨ ਪੇੜੇ, ਰੁਬੇਲਾ) ਟੀਕੇ ਦੀਆਂ ਦੋ ਖੁਰਾਕਾਂ ਬਿਮਾਰੀ ਨੂੰ ਰੋਕਣ ਲਈ ਬਹੁਤ ਪ੍ਰਭਾਵਸ਼ਾਲੀ ਹਨ।

# ਹੂਤੀ ਬਾਗੀਆਂ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ ਨੂੰ ਅਬੂਧਾਬੀ ਵੱਲ ਮੋੜਿਆ

ਨਵੀਂ ਦਿੱਲੀ, 9 ਮਈ (ਪ.ਪ) : ਦਿੱਲੀ ਤੋਂ ਤੇਲ ਅਵੀਵ ਜਾ ਰਹੀ ਏਅਰ ਇੰਡੀਆ ਦੀ ਇੱਕ ਉਡਾਣ ਨੂੰ ਅਬੂ ਧਾਬੀ ਵੱਲ ਮੋੜ ਦਿੱਤਾ ਗਿਆ ਕਿਉਂਕਿ ਇਜ਼ਰਾਈਲ ਦੀ ਰਾਜਧਾਨੀ ਵਿੱਚ ਹਵਾਈ ਅੱਡੇ ਦੇ ਨੇੜੇ ਮਿਜ਼ਾਈਲ ਹਮਲਾ ਹੋਇਆ ਸੀ। ਇਹ ਦਾਅਵਾ ਨਿਊਜ਼ ਏਜੰਸੀ ਪੀਟੀਆਈ ਨੇ ਕੀਤਾ ਹੈ। ਏਐਫਪੀ ਦੇ ਅਨੁਸਾਰ, ਤੇਲ ਅਵੀਵ ਦੇ ਇੱਕ ਹਵਾਈ ਅੱਡੇ ਦੇ ਅਧਿਕਾਰੀ ਨੇ ਵੀ ਉਡਾਣ ਨੂੰ ਮੋੜਨ ਦੀ ਪੁਸ਼ਟੀ ਕੀਤੀ।ਪੀਟੀਆਈ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਇਹ ਹਮਲਾ ਉਡਾਣ ਦੇ ਤੇਲ ਅਵੀਵ ਪਹੁੰਚਣ ਤੋਂ ਇੱਕ ਘੰਟੇ ਤੋਂ ਵੀ ਘੱਟ ਸਮੇਂ ਪਹਿਲਾਂ ਹੋਇਆ ਸੀ।ਸੂਤਰਾਂ ਨੇ ਅੱਗੇ ਕਿਹਾ ਕਿ ਏਅਰ ਇੰਡੀਆ ਦੀ ਉਡਾਣ ਜੋ ਕਿ ਬੋਇੰਗ 787 ਜਹਾਜ਼ ਨਾਲ ਸੰਚਾਲਿਤ ਹੈ, ਦਿੱਲੀ ਵਾਪਸ ਆਵੇਗੀ। ਫਲਾਈਟ ਟਰੈਕਿੰਗ ਵੈੱਬਸਾਈਟ ਤੇ ਉਪਲਬਧ ਅੰਕੜਿਆਂ ਦੇ ਅਨੁਸਾਰ, ਏਅਰ ਇੰਡੀਆ ਦੀ ਉਡਾਣ ਜਾਰਡਨ ਦੇ ਹਵਾਈ ਖੇਤਰ ਵਿੱਚ ਸੀ ਜਦੋਂ ਅਧਿਕਾਰੀਆਂ ਨੇ ਇਸਨੂੰ ਅਬੂ ਧਾਬੀ ਭੇਜਣ ਦਾ ਫੈਸਲਾ ਕੀਤਾ।

# ਮੌਲਵੀਆਂ ਨੇ ਅਤਿਵਾਦੀ ਦੇ ਜਨਾਜ਼ੇ ਦੀ ਨਮਾਜ਼ ਪੜ੍ਹਨ ਤੋਂ ਕੀਤਾ ਇਨਕਾਰ

ਪੇਸ਼ਾਵਰ , 9 ਮਈ (ਪ.ਪ) : ਪਾਕਿਸਤਾਨ ਦੇ ਅਸ਼ਾਂਤ ਉੱਤਰ-ਪਛਮੀ ਇਲਾਕੇ 'ਚ ਮੌਲਵੀਆਂ ਨੇ ਸੁਰੱਖਿਆ ਬਲਾਂ ਨਾਲ ਝੜਪ 'ਚ ਮਾਰੇ ਗਏ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਦੇ ਅਤਿਵਾਦੀ ਕਮਾਂਡਰ ਦੇ ਜਨਾਜ਼ੇ ਦੀ ਨਮਾਜ਼ ਪੜ੍ਹਨ ਤੋਂ ਇਨਕਾਰ ਕਰ ਦਿਤਾ ਹੈ।ਅਧਿਕਾਰੀਆਂ ਨੇ ਦਸਿਆ ਕਿ ਪਿਛਲੇ ਹਫਤੇ ਖ਼ੈਬਰ ਪਖਤੂਨਖਵਾ ਸੂਬੇ ਦੇ ਉੱਤਰੀ ਵਜ਼ੀਰਿਸਤਾਨ ਜ਼ਿਲ੍ਹੇ ਦੇ ਸ਼ਾਵਲ ਇਲਾਕੇ 'ਚ ਸੁਰੱਖਿਆ ਬਲਾਂ ਨਾਲ ਝੜਪ 'ਚ ਟੀ.ਟੀ.ਪੀ. ਕਮਾਂਡਰ ਮਿਨਹਾਜ ਮਾਰਿਆ ਗਿਆ ਸੀ। ਦਖਣੀ ਵਜ਼ੀਰਿਸਤਾਨ ਦੇ ਮੌਲਵੀਆਂ ਨੇ ਸਨਿਚਰਵਾਰ ਨੂੰ ਉਸ ਦੇ ਜਨਾਜ਼ੇ ਦੀ ਨਮਾਜ਼ ਦੀ ਅਗਵਾਈ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਉਹ ਬੇਕਸੂਰ ਲੋਕਾਂ ਦੀ ਹੱਤਿਆ ਅਤੇ ਦੇਸ਼ ਵਿਰੁਧ ਲੜ ਰਹੇ ਵਿਅਕਤੀ ਲਈ ਪ੍ਰਾਰਥਨਾ ਨਹੀਂ ਕਰਨਗੇ।ਅਤਿਵਾਦੀ ਨੂੰ ਸਥਾਨਕ ਲੋਕਾਂ ਨੇ ਚੁੱਪਚਾਪ ਦਖਣੀ ਵਜ਼ੀਰਿਸਤਾਨ ਦੇ ਆਜ਼ਮ ਵਾਰਸਾਕ ਦੇ ਨਰਗਿਸਾਈ ਕਬਰਸਤਾਨ ਵਿਚ ਦਫਨਾਇਆ ਅਤੇ ਸਿਰਫ 10 ਤੋਂ 20 ਲੋਕਾਂ ਦਾ ਇਕ ਛੋਟਾ ਜਿਹਾ ਸਮੂਹ ਮੌਜੂਦ ਸੀ।

# ਭਾਰਤ-ਪਾਕਿ ਤਣਾਅ ਦਰਮਿਆਨ ਕਰਾਚੀ ਪਹੁੰਚ ਗਿਆ ਤੁਰਕੀ ਨੇਵੀ ਦਾ ਜਹਾਜ਼

ਕਰਾਚੀ, 9 ਮਈ (ਪ.ਪ) : ਭਾਰਤ ਪਾਕਿ ਵਿਚਾਲੇ ਬਣੀ ਹੋਈ ਤਣਾਅਪੂਰਨ ਸਥਿਤੀ ਦਰਮਿਆਨ ਇਕ ਵੱਡੀ ਖ਼ਬਰ ਗੁਆਂਢੀ ਮੁਲਕ ਤੋਂ ਸਾਹਮਣੇ ਆ ਰਹੀ ਹੈ, ਜਿੱਥੇ ਤੁਰਕੀ ਜਲ ਸੈਨਾ ਦਾ ਇਕ ਜਹਾਜ਼ ਹਾਲ ਹੀ ਵਿੱਚ ਪਾਕਿਸਤਾਨ ਦੀ ਕਰਾਚੀ ਬੰਦਰਗਾਹ ਤੇ ਖੜ੍ਹਾ ਦੇਖਿਆ ਗਿਆ ਹੈ। ਇਹ ਜਹਾਜ਼ ਅਜਿਹੇ ਸਮੇਂ ਦੇਖਿਆ ਗਿਆ ਹੈ, ਜਦੋਂ ਦੋਵਾਂ ਦੇਸ਼ਾਂ ਵਿਚਾਲੇ ਜੰਗ ਬਾਰੇ ਚਰਚਾ ਛਿੜੀ ਹੋਈ ਹੈ। ਹਾਲਾਂਕਿ ਤੁਰਕੀ ਜਹਾਜ਼ ਦਾ ਇਹ ਦੌਰਾ ਭਾਰਤ ਨਾਲ ਤਣਾਅ ਪਹਿਲਾਂ ਹੀ ਤੈਅ ਕੀਤਾ ਗਿਆ ਸੀ, ਪਰ ਇਸ ਦੇ ਇਸ ਤਣਾਅਪੂਰਨ ਸਥਿਤੀ ਦਰਮਿਆਨ ਪਾਕਿਸਤਾਨ ਦੇ ਬੰਦਰਗਾਹ ਤੇ ਦੇਖੇ ਜਾਣ ਕਾਰਨ ਇਸ ਨੇ ਹਰ ਕਿਸੇ ਦਾ ਧਿਆਨ ਖਿੱਚਿਆ ਹੈ।ਜ਼ਿਕਰਯੋਗ ਹੈ ਕਿ ਤੁਰਕੀ ਅਤੇ ਪਾਕਿਸਤਾਨ ਦੇ ਫੌਜੀ ਅਤੇ ਰਣਨੀਤਕ ਸਬੰਧ ਕਾਫ਼ੀ ਚੰਗੇ ਹਨ। ਇਹ ਦੋਵੇਂ ਦੇਸ਼ ਨਿਯਮਤ ਜਲ ਸੈਨਾ ਸਹਿਯੋਗ, ਟ੍ਰੇਨਿੰਗ ਅਤੇ ਰੱਖਿਆ ਸਹਿਯੋਗ ਲਈ ਅਜਿਹੇ ਦੌਰੇ ਕਰਦੇ ਹਨ। ਤੁਰਕੀ ਦੇ ਇਸ ਜਹਾਜ਼ ਦੇ ਦੌਰੇ ਨੂੰ ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਵਜੋਂ ਦੇਖਿਆ ਜਾ ਰਿਹਾ ਹੈ, ਨਾ ਕਿ ਭਾਰਤ ਨਾਲ ਜੰਗ ਦੇ ਨਜ਼ਰੀਏ ਤੋਂ।

# ਕਹਾਣੀ ਮੁੱਕ ਗਈ

ਮੈਂ ਉਸ ਨੂੰ ਮਿਲ ਨਾ ਸਕਿਆ। ਉਹ ਉੱਥੇ ਚਲਾ ਗਿਆ ਜਿੱਥੇ ਅਸੀਂ ਹੱਡ ਮਾਸ ਦੇ ਲੋਕ ਨਹੀਂ ਪਹੁੰਚ ਸਕਦੇ। ਉਸ ਨੇ ਚੌਦਾਂ ਨਵੰਬਰ 2019 ਨੂੰ ਪਟਨਾ ਦੇ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਅੰਤਿਮ ਸਾਹ ਲਏ। ਮੈਨੂੰ ਪਹਿਲੀ ਵਾਰ ਉਸ ਬਾਰੇ ਪਤਾ ਹੀ ਦਸੰਬਰ 2016 ਵਿਚ ਲੱਗਾ ਸੀ। ਹਫ਼ਤੇ ਭਰ ਦੀ ਦੇਸ਼ ਦੇ ਤਕਨੀਕੀ ਤੇ ਵਿਗਿਆਨਕ ਮਾਹਿਰਾਂ ਦੀ ਦਿੱਲੀ ਵਿਚ ਇਕ ਬੈਠਕ ਸੀ। ਕੰਮ ਤੋਂ ਵਿਹਲੇ ਹੋ ਕੇ ਸ਼ਾਮ ਸਵੇਰੇ ਹਲਕੀ-ਫੁਲਕੀ ਗੱਲਬਾਤ ਲਈ ਬੜਾ ਸਮਾਂ ਮਿਲ ਜਾਂਦਾ। ਰੁੜਕੀ ਤੇ ਝਾਰਖੰਡ ਦੇ ਦੋ ਗਣਿਤ ਵਿਗਿਆਨੀ ਅਤੇ ਰੋਹਤਕ ਤੇ ਭਾਬਾ ਸੈਂਟਰ ਦੇ ਦੋ ਭੌਤਿਕ ਵਿਗਿਆਨੀ ਉਸ ਸ਼ਾਮ ਮੇਰੇ ਨਾਲ ਚਾਹ ਪੀ ਰਹੇ ਸਨ। ਰਾਮਾਨੁਜਨ ਦੀ ਗੱਲ ਤੁਰ ਪਈ। ਸਬੱਬ ਨਾਲ ਉਸ ਦਿਨ ਰਾਸ਼ਟਰੀ ਗਣਿਤ ਦਿਵਸ ਸੀ। ਗਣਿਤ ਵਾਲੀ ਟੀਮ ਦੇ ਪ੍ਰੋਫ਼ੈਸਰਾਂ ਵਿਚੋਂ ਅਰੁਣ ਕੁਮਾਰ ਸਿਨਹਾ ਨੇ ਵਸ਼ਿਸ਼ਟ ਨਾਰਾਇਣ ਸਿੰਘ ਦਾ ਜ਼ਿਕਰ ਕਰ ਕੇ ਮੈਨੂੰ ਹੈਰਾਨ ਕਰ ਦਿੱਤਾ।

ਮੈਂ ਤਾਂ ਉਸ ਦਾ ਨਾਮ ਹੀ ਪਹਿਲੀ ਵਾਰ ਸੁਣ ਰਿਹਾ ਸਾਂ। ਸਿਨਹਾ ਦੱਸ ਰਿਹਾ ਸੀ ਕਿ ਉਹ ਸਾਡੇ ਸਮਿਆਂ ਦਾ ਰਾਮਾਨੁਜਨ ਹੈ। ਉਸੇ ਜਿਹਾ ਜ਼ਹੀਨ ਤੇ ਉਸ ਤੋਂ ਵੱਧ ਬਦਕਿਸਮਤ। ਰਾਮਾਨੁਜਨ ਤਾਂ ਜਵਾਨ ਉਮਰ ਵਿਚ ਮਰ ਕੇ ਦੰਦਕਥਾਵਾਂ ਦਾ ਨਾਇਕ ਬਣਿਆ। ਇਹ ਵਿਅਕਤੀ ਤਾਂ ਨਾ ਜਿਊਂਦਿਆਂ ਵਿਚ ਹੈ, ਨਾ ਮੋਇਆਂ ਵਿਚ। ਆਇੰਸਟਾਈਨ ਤੇ ਗਾਸ ਦੀਆਂ ਸਮੀਕਰਣਾਂ ਉੱਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਲਾਉਂਦਾ ਉਹ ਆਪ ਪ੍ਰਸ਼ਨ ਚਿੰਨ੍ਹ ਬਣ ਕੇ ਰਹਿ ਗਿਆ ਹੈ। ਰਾਮਾਨੁਜਨ ਨੂੰ ਪ੍ਰੋ. ਹਾਰਡੀ ਮਦਰਾਸ ਤੋਂ ਕੈਂਬਰਿਜ ਲੈ ਗਿਆ ਸੀ ਤੇ ਉਸ ਨੇ ਦੇਸ਼-ਵਿਦੇਸ਼ ਦੇ ਗਣਿਤ ਵਿਗਿਆਨੀਆਂ ਨੂੰ ?ਆਪਣੀ ਪ੍ਰਤਿਭਾ ਨਾਲ ਹੈਰਾਨ ਕੀਤਾ। ਵਿਸ਼ਿਸ਼ਟ ਨਾਰਾਇਣ ਸਿੰਘ ਨੂੰ ਪਟਨਾ ਸਾਇੰਸ ਕਾਲਜ ਤੋਂ ਪ੍ਰੋ. ਕੈਲੀ ਕੈਲੀਫੋਰਨੀਆ ਲੈ ਗਿਆ। ਉੱਥੇ ਡਾਕਟਰੇਟ ਕਰਵਾਈ। ਨਾਸਾ ਵਿਚ ਕੰਮ ਕੀਤਾ। ਦੁਨੀਆਂ ਵਿਚ ਉਸ ਦੀਆਂ ਕਹਾਣੀਆਂ ਤੁਰਨ ਲੱਗੀਆਂ ਤਾਂ ਉਹ ਰਾਮਾਨੁਜਨ ਤੋਂ ਕਿਤੇ ਵੱਡੀ ਤ੍ਰਾਸਦੀ ਦਾ ਸ਼ਿਕਾਰ ਹੋ ਗਿਆ। ਰਾਮਾਨੁਜਨ ਵੇਲੇ ਤਾਂ ਭਾਰਤ ਗ਼ੁਲਾਮ ਸੀ। ਵਿਸ਼ਿਸ਼ਟ ਨਾਰਾਇਣ ਵੇਲੇ ਸਾਡਾ ਭਾਰਤ ਆਜ਼ਾਦ ਹੈ। ਸਾਡੇ ਪ੍ਰਧਾਨ ਮੰਤਰੀ ਦਿਨ ਰਾਤ ਇਕ ਕਰ ਕੇ ਦੇਸ਼ ਵਿਚ ਅੱਛੇ ਦਿਨ ਲਿਆਉਣ ਵਿਚ ਰੁੱਝੇ ਹੋਏ ਹਨ। ਪ੍ਰਧਾਨ ਮੰਤਰੀ ਜੀ ਨੂੰ ਉਦੋਂ ਮਿਹਨਤ ਕਰਦਿਆਂ ਦੋ ਕੁ ਸਾਲ ਹੋ ਚੱਲੇ ਸਨ। ਹੁਣ ਤਿੰਨ ਸਾਲ ਹੋਰ ਹੋ ਗਏ ਹਨ। ਵਿਸ਼ਿਸ਼ਟ ਨਾਰਾਇਣ ਸਿੰਘ ਲਈ ਅੱਛੇ ਦਿਨ ਨਹੀਂ ਆਏ। ਉਹ ਇਨ੍ਹਾਂ ਅੱਛੇ ਦਿਨਾਂ ਤੋਂ ਬੇਖ਼ਬਰ ਇਸ ਜਹਾਨੇ-ਫ਼ਾਨੀ ਤੋਂ ਰੁਖ਼ਸਤ ਹੋ ਗਿਆ। ਮੈਨੂੰ ਦੁੱਖ ਹੈ ਕਿ ਮੈਂ ਉਸ ਨੂੰ ਇਸ ਦੌਰਾਨ ਲੱਭ ਜਾਂ ਮਿਲ ਨਹੀਂ ਸਕਿਆ। ਹੁਣ ਜਦ ਪਤਾ ਲੱਗਾ ਹੈ ਤਾਂ ਬਹੁਤ ਦੇਰ ਹੋ ਚੁੱਕੀ ਹੈ। ਉਸ ਵਿਲੱਖਣ ਪ੍ਰਤਿਭਾ ਦੇ ਦੁਖਾਂਤ ਉੱਤੇ ਸ਼ੋਕ ਗੀਤ ਵਰਗੀ ਇਸ ਲਿਖਤ ਰਾਹੀਂ ਉਸ ਦੀਆਂ ਗੱਲਾਂ ਪੰਜਾਬੀ ਪਾਠਕਾਂ ਨਾਲ ਸਾਂਝੀਆਂ ਕਰਨ ਨੂੰ ਚਿੱਤ ਕਰਦਾ ਹੈ।

ਪਟਨਾ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਵਿਸ਼ਿਸ਼ਟ ਨਾਰਾਇਣ ਦੀ ਮੌਤ ਦਾ ਐਲਾਨ ਕਰਕੇ ਡਾਕਟਰ ਪਾਸੇ ਹੋ ਗਏ। ਮ੍ਰਿਤਕ ਦੇਹ ਘੰਟਿਆਂਬੱਧੀ ਬਲੱਡ ਬੈਂਕ ਕੋਲ ਸਟਰੈਚਰ ਉੱਤੇ ਪਈ ਰਹੀ। ਏਨੇ ਵੱਡੇ ਹਸਪਤਾਲ ਤੇ ਮੈਡੀਕਲ ਕਾਲਜ ਵਿਚ ਕੁੱਲ ਤਿੰਨ ਐਂਬੂਲੈਂਸ ਸਨ। ਇਨ੍ਹਾਂ ਵਿਚੋਂ ਦੋ ਖ਼ਰਾਬ। ਵਿਸ਼ਿਸ਼ਟ ਨਾਰਾਇਣ ਦੀ ਦੇਹ ਨੂੰ ਘਰ ਲਿਜਾਣ ਲਈ ਕੋਈ ਐਂਬੂਲੈਂਸ ਨਹੀਂ ਸੀ। ਰੌਲੇ-ਗੌਲੇ ਪਿੱਛੋਂ ਸਰਕਾਰ ਜਾਗੀ। ਹਸਪਤਾਲ ਵਾਲਿਆਂ ਨੇ ਭੱਜ-ਨੱਸ ਕਰ ਕੇ ਐਂਬੂਲੈਂਸ ਮੁਹੱਈਆ ਕੀਤੀ। ਸਰਕਾਰ ਜਾਗੀ ਤਾਂ ਨੇਤਾ ਵੀ ਜਾਗੇ। ਮ੍ਰਿਤਕ ਦੇਹ ਲਿਜਾ ਰਹੀ ਐਂਬੂਲੈਂਸ ਨੂੰ ਚੌਰਸਤੇ ਵਿਚ ਰੋਕ ਕੇ ਨੇਤਾ ਸ਼ਰਧਾਂਜਲੀਆਂ ਦੇਣ ਪਹੁੰਚੇ। ਮੁਰਦੇ ਨੂੰ ਪੂਜੇ ਇਹ ਦੁਨੀਆਂ, ਜਿਉਂਦੇ ਦੀ ਹਕੀਕਤ ਕਝ ਵੀ ਨਹੀਂ। ਉਸ ਦੀ ਦੇਹ ਪਟਨੇ ਤੋਂ ਸੱਤਰ ਕਿਲੋਮੀਟਰ ਦੂਰ ਪਿੰਡ ਬਸੰਤਪੁਰ ਵਿਚ ਕਾਫ਼ੀ ਦੇਰ ਨਾਲ ਪੁੱਜੀ। ਅਗਲੇ ਦਿਨ ਸ਼ਵ ਯਾਤਰਾ ਸਮੇਂ ਲੋਕਾਂ ਦੀ ਭਾਰੀ ਭੀੜ ਵਿਚ ਜ਼ਿਲ੍ਹਾ ਪ੍ਰਸ਼ਾਸਨਕ ਅਧਿਕਾਰੀ ਤੇ ਭਾਂਤ-ਭਾਂਤ ਦੇ ਸਥਾਨਕ ਨੇਤਾ ਸਨ। ਦਾਹ ਸੰਸਕਾਰ ਵੇਲੇ ਚਿਤਾ ਨੂੰ ਅੱਗ ਵਿਸ਼ਿਸ਼ਟ ਨਾਰਾਇਣ ਦੇ ਭਤੀਜੇ ਨੇ ਦਿਖਾਈ।

ਕਹਾਣੀ ਮੁੱਕ ਗਈ ਤਾਂ ਇਕ ਪਾਸੇ ਪ੍ਰਧਾਨ ਮੰਤਰੀ ਤੋਂ ਮੰਤਰੀ ਤਕ ਸਭ ਨੇ ਸ਼ਰਧਾਂਜਲੀਆਂ ਦਿੱਤੀਆਂ। ਦੂਜੇ ਪਾਸੇ ਸਿਆਸੀ ਨੇਤਾਵਾਂ/ ਪਾਰਟੀਆਂ/ ਬੁੱਧੀਜੀਵੀਆਂ/ ਫ਼ਿਲਮੀ ਹਸਤੀਆਂ ਨੇ ਇਕ ਮਹਾਨ ਪ੍ਰਤਿਭਾ ਦੇ ਰੁਲਣ-ਖੁਲਣ ਨੂੰ ਲੈ ਕੇ ਦੁੱਖ ਜਤਾਇਆ। ਫ਼ਿਲਮ ਜਗਤ ਉਸ ਦੀ ਸ਼ੁਹਰਤ ਦਾ ਮੁੱਲ ਵੱਟਣ ਲਈ ਮੈਦਾਨ ਵਿਚ ਆ ਗਿਆ। ਪ੍ਰਕਾਸ਼ ਝਾਅ ਨੇ ਤਾਂ ਉਸ ਦੇ ਜਿਉਂਦੇ ਜੀ ਸਾਲ ਕੁ ਪਹਿਲਾਂ ਉਸ ਦੀ ਤ੍ਰਾਸਦੀ ਨੂੰ ਲੈ ਕੇ ਫ਼ਿਲਮ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਸੀ। ਕਾਨੂੰਨੀ ਅੜਚਣਾਂ ਕਾਰਨ ਉਸ ਨੇ ਕੰਮ ਠੱਪ ਕਰ ਦਿੱਤਾ ਸੀ। ਹੁਣ ਰਿਤੇਸ਼ ਸਿੰਧਵਾਨੀ ਤੇ ਨੀਰਜ ਅਖ਼ਤਰ ਨੇ ਨਵੇਂ ਸਿਰਿਉਂ ਫ਼ਿਲਮ ਬਣਾਉਣ ਦਾ ਐਲਾਨ ਕੀਤਾ ਹੈ। ਪਰਿਵਾਰ ਨਾਲ ਸਮਝੌਤਾ ਹੋਣ ਦੀ ਗੱਲ ਕੀਤੀ ਜਾ ਰਹੀ ਹੈ। ਪਰਿਵਾਰ ਵਾਲੇ ਵੀ ਹੁਣ ਵਿਸ਼ਿਸ਼ਟ ਬਾਬੂ ਲਈ ਭਾਰਤ ਰਤਨ ਦੀ ਮੰਗ ਕਰ ਰਹੇ ਹਨ। ਉਸ ਦਾ ਵੱਡਾ ਭਤੀਜਾ ਮੁਕੇਸ਼ ਚਾਹੁੰਦਾ ਹੈ ਕਿ ਤਾਏ ਦੇ ਨਾਮ ਉੱਤੇ ਕੋਈ ਯੂਨੀਵਰਸਿਟੀ ਬਣੇ ਜਾਂ ਕਿਸੇ ਬਣੀ-ਬਣਾਈ ਯੂਨੀਵਰਸਿਟੀ ਨਾਲ ਉਸ ਦਾ ਨਾਮ ਜੋੜਿਆ ਜਾਏ। ਉਸ ਦੇ ਜਨਮ ਦਿਨ ਉੱਤੇ ਰਾਜ ਸਰਕਾਰ ਦੋ ਅਪਰੈਲ ਨੂੰ ਛੁੱਟੀ ਕਰਿਆ ਕਰੇ। ਦੂਰ ਬਿਹਾਰ ਦੇ ਭੋਜਪੁਰ ਜ਼ਿਲ੍ਹੇ ਵਿਚ ਹੋ ਰਹੇ ਇਹ ਸਾਰੇ ਕੁਝ ਤੋਂ ਆਮ ਪੰਜਾਬੀ ਬੇਖ਼ਬਰ ਹਨ। ਇਸ ਲਈ ਪੰਜਾਬੀਆਂ ਨਾਲ ਵਿਲੱਖਣ ਪ੍ਰਤਿਭਾ ਦਾ ਸੰਖੇਪ ਬਿਰਤਾਂਤ ਸਾਂਝਾ ਕਰਨਾ ਉਚਿਤ ਜਾਪਦਾ ਹੈ।

ਵਿਸ਼ਿਸ਼ਟ ਨਾਰਾਇਣ ਸਿੰਘ ਬਿਹਾਰ ਵਿਚ ਆਰਾ ਤੋਂ ਬਾਰਾਂ ਕਿਲੋਮੀਟਰ ਤੇ ਪਟਨਾ ਸਾਹਿਬ ਤੋਂ ਸੱਤਰ ਕਿਲੋਮੀਟਰ ਦੂਰ ਬਸੰਤਪੁਰ ਨਾਮ ਦੇ ਪਿੰਡ ਦਾ ਸੀ। ਬਸੰਤਪੁਰ ਪੰਜਾਬੀ ਪਿੰਡ ਦਾ ਨਾਮ ਜਾਪਦਾ ਹੈ। ਪੰਜਾਬੀ ਗ਼ਜ਼ਲਗੋ ਗੁਰਭਜਨ ਗਿੱਲ ਦੇ ਪਿੰਡ ਦਾ ਨਾਮ ਬਸੰਤਕੋਟ ਹੈ। ਖੈ ?ਰ! ਵਿਸ਼ਿਸ਼ਟ ਨਾਰਾਇਣ ਸਿੰਘ ਦਾ ਜਨਮ 2 ਅਪਰੈਲ 1946 ਨੂੰ ਪਿਤਾ ਲਾਲ ਬਹਾਦਰ ਸਿੰਘ ਅਤੇ ਮਾਤਾ ਲਹਾਸੋ ਦੇਵੀ ਦੇ ਘਰ ਇਸੇ ਪਿੰਡ ਵਿਚ ਹੋਇਆ। ਪਿਤਾ ਬਿਹਾਰ ਪੁਲੀਸ ਦਾ ਸਿਪਾਹੀ ਤੇ ਮਾਤਾ ਸਾਧਾਰਨ ਘਰੇਲੂ ਔਰਤ। ਵਿਸ਼ਿਸ਼ਟ ਨਾਰਾਇਣ ਨੇ ਪ੍ਰਾਇਮਰੀ ਉਪਰੰਤ ਹਾਇਰ ਸੈਕੰਡਰੀ ਸਕੂਲ ਤੱਕ ਦੀ ਪੜ੍ਹਾਈ ਨੇਤਰਹਾਟ ਸਕੂਲ ਤੋਂ ਕੀਤੀ। ਇਹ ਰੈਜ਼ੀਡੈਂਸ਼ਲ ਸਕੂਲ ਹੈ। ਅੱਜਕੱਲ੍ਹ ਇਹ ਝਾਰਖੰਡ ਸਕੂਲ ਬੋਰਡ ਹੇਠ ਹੈ। ਪਹਿਲਾਂ ਇਹ ਬਿਹਾਰ ਸਕੂਲ ਬੋਰਡ ਹੇਠ ਸੀ। ਇਸ ਨੇ ਬੜੇ ਵੱਡੇ ਵੱਡੇ ਬੰਦੇ ਦਿੱਤੇ ਹਨ। ਬਿਹਾਰ ਸਕੂਲ ਬੋਰਡ ਦੇ ਬਹੁਤੇ ਟੌਪਰ ਇਸੇ ਸਕੂਲ ਦੇ ਹੁੰਦੇ ਸਨ। ਵਿਸ਼ਿਸ਼ਟ ਨਾਰਾਇਣ ਨੇ ਛੇਵੀਂ ਜਮਾਤ ਪਿੱਛੋਂ ਨੇਤਰਹਾਟ ਸਕੂਲ ਵਿਚ ਦਾਖ਼ਲੇ ਲਈ ਪ੍ਰੀਖਿਆ ਪਾਸ ਕੀਤੀ ਤੇ ਇਸ ਰੈਜ਼ੀਡੈਂਸ਼ਲ ਸਕੂਲ ਵਿਚ ਪੜ੍ਹਦਿਆਂ 1963 ਵਿਚ ਹਾਇਰ ਸੈਕੰਡਰੀ ਕੀਤੀ। ਨੇਤਰਹਾਟ ਦੇ ਇਸ ਸਕੂਲ ਵਿਚ ਪੜ੍ਹੇ ਵਿਅਕਤੀਆਂ ਵਿਚ ਬਿਹਾਰ ਦਾ ਸਾਬਕਾ ਡੀ.ਜੀ.ਪੀ. ਵੀ.ਡੀ. ਰਾਮ, ਸਾਬਕਾ ਚੀਫ਼ ਵਿਜੀਲੈਂਸ ਕਮਿਸ਼ਨਰ ਪ੍ਰਤਿਯੂਸ਼ ਸਿਨਹਾ ਤੇ ਸਾਬਕਾ ਚੀਫ਼ ਸੈਕਟਰੀ ਐਸ.ਕੇ. ਸਿਨਹਾ ਜਿਹੇ ਕਿੰਨੇ ਹੀ ਨਾਮ ਲਏ ਜਾ ਸਕਦੇ ਹਨ। ਤਿੰਨ ਭਰਾਵਾਂ ਤੇ ਦੋ ਭੈਣਾਂ ਵਿਚ ਸਭ ਤੋਂ ਵੱਡਾ ਸੀ ਵਿਸ਼ਿਸ਼ਟ ਨਾਰਾਇਣ। ਬਹੁਤਾ ਪੜ੍ਹਿਆ ਵੀ ਉਹੀ। ਉਸ ਤੋਂ ਛੋਟਾ ਅਯੋਧਿਆ ਪ੍ਰਸਾਦ ਸਿੰਘ ਇੰਟਰਮੀਡੀਏਟ ਕਰ ਕੇ ਫ਼ੌਜ ਵਿਚ ਭਰਤੀ ਹੋ ਗਿਆ। ਸਭ ਤੋਂ ਛੋਟੇ ਦਸ਼ਰਥ ਸਿੰਘ ਨੇ ਮਸਾਂ ਬੀ.ਏ. ਕੀਤੀ। ਉਸ ਸਮੇਂ ਕੁੜੀਆਂ ਨੂੰ ਪਿੰਡਾਂ ਵਿਚ ਕੌਣ ਪੜ੍ਹਾਉਂਦਾ ਸੀ। ਵਿਸ਼ਿਸ਼ਟ ਨਾਰਾਇਣ ਨੇ ਕੈਲੀਫੋਰਨੀਆ ਤੋਂ ਚਿੱਠੀਆਂ ਲਿਖ ਕੇ ਭੈਣ ਸੀਤਾ ਦੀ ਪੜ੍ਹਾਈ ਬੰਦ ਹੋਣ ਤੋਂ ਰੁਕਵਾਈ ਅਤੇ ਉਸ ਨੂੰ ਬੀ.ਏ. ਕਰਵਾਈ। ਕਹਿਣ ਦਾ ਮਤਲਬ ਹੈ ਕਿ ਵਿਸ਼ਿਸ਼ਟ ਨਾਰਾਇਣ ਸ਼ੁਰੂ ਤੋਂ ਅੰਤ ਤੱਕ ਪੜ੍ਹਨ-ਲਿਖਣ ਦੀਆਂ ਰੁਚੀਆਂ ਵਾਲਾ ਸ਼ਖ਼ਸ ਰਿਹਾ। ਜਮਾਤੀ, ਰਿਸ਼ਤੇਦਾਰ ਤੇ ਵੱਡੇ-ਨਿੱਕੇ ਸਾਰੇ ਉਸ ਦੇ ਇਸ ਸੁਭਾਅ ਦੇ ਗਵਾਹ ਹਨ। ਨੇਤਰਹਾਟ ਸਕੂਲ ਵਿਚ ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਸਹਿ-ਵਿੱਦਿਅਕ ਸਰਗਰਮੀਆਂ ਉੱਤੇ ਜ਼ੋਰ ਹੁੰਦਾ ਹੈ। ਉਸ ਨੇ ਮਾੜਾ-ਮੋਟਾ ਹਿੱਸਾ ਭਾਂਤ-ਭਾਂਤ ਦੀਆਂ ਸਰਗਰਮੀਆਂ ਵਿਚ ਖਾਨਾਪੂਰਤੀ ਵਜੋਂ ਹੀ ਲਿਆ। ਨਹੀਂ ਤਾਂ ਉਹ ਕਿਤਾਬੀ ਕੀੜਾ ਹੀ ਰਿਹਾ। ਪੜ੍ਹਾਈ ਵਿਚ ਉਹ ਸਭ ਤੋਂ ਅੱਗੇ ਹੁੰਦਾ। 1963 ਵਿਚ ਹਾਇਰ ਸੈਕੰਡਰੀ ਪਾਸ ਕਰ ਕੇ ਉਹ ਸਾਇੰਸ ਕਾਲਜ ਪਟਨਾ ਵਿਚ ਬੀ.ਐਸਸੀ. (ਆਨਰਜ਼) ਕਰਨ ਲਈ ਪਹੁੰਚ ਗਿਆ। ਉਹ ਆਪਣੇ ਅਧਿਆਪਕਾਂ ਵੱਲੋਂ ਪੜ੍ਹਾਏ ਸਬਕਾਂ ਨੂੰ ਝੱਟ ਸਮਝ ਕੇ ਉਨ੍ਹਾਂ ਦੇ ਅਗਲੇਰੇ ਵਿਸਤਾਰਾਂ ਬਾਰੇ ਚਰਚਾ ਛੇੜੀ ਰੱਖਦਾ। ਗਣਿਤ ਦੇ ਪ੍ਰਸ਼ਨਾਂ ਨੂੰ ਹੱਲ ਕਰਨ ਦੀਆਂ ਨਵੀਆਂ ਵਿਧੀਆਂ ਦੱਸਣ ਲੱਗਦਾ। ਪ੍ਰੋਫ਼ੈਸਰ ਉਸ ਤੋਂ ਪ੍ਰੇਸ਼ਾਨ ਹੋਏ ਰਹਿੰਦੇ। ਇਕ ਦਿਨ ਗਣਿਤ ਦਾ ਪ੍ਰੋਫ਼ੈਸਰ ਉਸ ਨੂੰ ਲੈ ਕੇ ਪ੍ਰਿੰਸੀਪਲ ਨਰਿੰਦਰ ਨਾਥ ਕੋਲ ਜਾ ਪੁੱਜਾ। ਉਹ ਆਪ ਗਣਿਤ ਦਾ ਮਾਹਿਰ ਪ੍ਰੋਫ਼ੈਸਰ ਸੀ। ਉਸ ਨੇ ਸ਼ਿਕਾਇਤਾਂ ਸੁਣੀਆਂ ਅਤੇ ਆਪ ਨਾਰਾਇਣ ਨੂੰ ਜਾਂਚਿਆ ਪਰਖਿਆ। ਉਸ ਨੇ ਕੋਈ ਅਨੁਸ਼ਾਸਨੀ ਕਾਰਵਾਈ ਕਰਨ ਦੀ ਥਾਂ ਸਿੱਧਾ ਬੀ.ਐਸਸੀ. (ਆਨਰਜ਼) ਦੇ ਤੀਜੇ ਸਾਲ ਦੀ ਪ੍ਰੀਖਿਆ ਵਿਚ ਬਿਠਾਉਣ ਲਈ ਵਾਈਸ ਚਾਂਸਲਰ ਤੋਂ ਇਜਾਜ਼ਤ ਲੈ ਲਈ। ਇਸ ਤਰ੍ਹਾਂ ਨਾਰਾਇਣ ਨੇ 1964 ਵਿਚ ਬੀ.ਐਸਸੀ. ਆਨਰਜ਼ ਫਾਈਨਲ ਦੀ ਪ੍ਰੀਖਿਆ ਦਿੱਤੀ। ਇਹ ਹੀ ਨਹੀਂ, ਇਸ ਵਿਚੋਂ ਉਹ ਫਸਟ ਕਲਾਸ ਫਸਟ ਰਿਹਾ।

ਫਿਰ ਉਸ ਨੇ ਐਮ.ਏ. ਗਣਿਤ ਵਿਗਿਆਨ ਸ਼ੁਰੂ ਕੀਤੀ। ਇਸੇ ਦੌਰਾਨ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਜੌਹਨ ਐਲ. ਕੈਲੀ ਪ੍ਰੋਫ਼ੈਸਰ ਨਗੇਂਦਰ ਨਾਥ ਦੇ ਸੱਦੇ ਉੱਤੇ ਸਾਇੰਸ ਕਾਲਜ ਪਟਨਾ ਆਇਆ। ਉਹ ਗਣਿਤ ਦਾ ਹੀ ਪ੍ਰੋਫ਼ੈਸਰ ਸੀ। ਉਸ ਨੇ ਭਾਸ਼ਣ ਦੌਰਾਨ ਪੰਜ ਪ੍ਰਸ਼ਨ ਵਿਦਿਆਰਥੀਆਂ ਅੱਗੇ ਰੱਖੇ। ਵਸ਼ਿਸ਼ਟ ਨਾਰਾਇਣ ਭਾਵ ਵੀ.ਐਨ. ਨੇ ਉਹ ਪੰਜ ਸਵਾਲ ਝੱਟ ਹੀ ਹੱਲ ਕਰ ਦਿੱਤੇ। ਇਹੀ ਨਹੀਂ ਉਨ੍ਹਾਂ ਨਾਲ ਸੰਬੰਧਿਤ ਕਈ ਸਪਲੀਮੈਂਟਰੀ ਸਵਾਲ ਵੀ ਹੱਲ ਕੀਤੇ। ਕੈਲੀ ਨੇ ਇਹ ਮਾਅਰਕਾ ਮਾਰਨ ਵਾਲੇ ਵੀ.ਐਨ. ਦੀ ਗੱਲ ਪ੍ਰਿੰਸੀਪਲ ਨਗੇਂਦਰ ਨਾਥ ਨਾਲ ਕੀਤੀ ਤਾਂ ਉਸ ਨੇ ਵੀ.ਐਨ. ਦੀ ਵਿਲੱਖਣ ਪ੍ਰਤਿਭਾ ਦੀ ਕਹਾਣੀ ਉਸ ਨੂੰ ਸੁਣਾਈ। ਪ੍ਰੋ. ਕੈਲੀ ਨੇ ਕਿਹਾ ਕਿ ਅਜਿਹੀ ਪ੍ਰਤਿਭਾ ਨੂੰ ਕਿਉਂ ਐਮ.ਏ. ਦੇ ਚੱਕਰ ਵਿਚ ਪਾਉਂਦੇ ਹੋ। ਇਸ ਨੂੰ ਮੈਂ ਆਪਣੇ ਨਾਲ ਬਰਕਲੇ (ਕੈਲੀਫੋਰਨੀਆ) ਲੈ ਜਾਂਦਾ ਹਾਂ, ਉੱਥੇ ਹੀ ਖੋਜ ਕਰਦਾ-ਕਰਦਾ ਇਹ ਐਮ.ਏ. ਵੀ ਕਰ ਲਵੇਗਾ ਅਤੇ ਡਾਕਟਰੇਟ ਵੀ। ਘਰਦਿਆਂ ਨੂੰ ਕਿਹਾ ਗਿਆ ਕਿ ਤੁਹਾਡੇ 'ਤੇ ਫੀਸਾਂ ਜਾਂ ਰਹਿਣ-ਸਹਿਣ ਦਾ ਕੋਈ ਬੋਝ ਨਹੀਂ ਪਵੇਗਾ। ਮੁੰਡੇ ਨੂੰ ਮੁਫ਼ਤ ਵਿਚ ਏਨਾ ਵੱਡਾ ਮੌਕਾ ਮਿਲ ਰਿਹਾ ਹੈ, ਤੁਸੀਂ ਜਾਣ ਦਿਓ। ਉਹ ਮੰਨ ਗਏ ਅਤੇ 19 ਸਾਲ ਦੀ ਉਮਰੇ ਵੀ.ਐਨ. ਬਰਕਲੇ (ਕੈਲੀਫੋਰਨੀਆ) ਵਿਚ ਗਣਿਤ ਦੀ ਉਚੇਰੀ ਪੜ੍ਹਾਈ ਲਈ ਜਾ ਪੁੱਜਾ। ਮੈਨੂੰ ਵੀ.ਐਨ. ਦੀ ਦੱਸ ਪਾਉਣ ਵਾਲਾ ਪ੍ਰੋ. ਅਰੁਣ ਸਿਨਹਾ ਇਸ ਸਾਰੇ ਕੁਝ ਦਾ ਗਵਾਹ ਹੈ। ਉਹ ਵੀ ਉਦੋਂ ਸਾਇੰਸ ਕਾਲਜ ਦਾ ਬੀ.ਐਸਸੀ. (ਆਨਰਜ਼) ਦਾ ਵਿਦਿਆਰਥੀ ਸੀ। ਸਿਨਹਾ ਦੇ ਕਹੇ ਅਨੁਸਾਰ ਜਾਣ ਤੋਂ ਪਹਿਲਾਂ ਬੀ.ਐਸਸੀ. (ਆਨਰਜ਼) ਵਾਂਗ ਵੀ.ਐਨ. ਨੂੰ ਯਕਦਮ ਐਮ.ਐਸਸੀ. ਆਨਰਜ਼ (ਮੈਥ) ਵਿਚ ਬੈਠਣ ਦੀ ਇਜਾਜ਼ਤ ਦਿੱਤੀ ਗਈ। ਉਹ ਇਸ ਪ੍ਰੀਖਿਆ ਵਿਚੋਂ ਵੀ ਅੱਵਲ ਆਇਆ ਸੀ। ਬਰਕਲੇ (ਕੈਲੀਫੋਰਨੀਆ) ਵਿਚ ਵੀ.ਐਨ. ਨੇ 1960 ਵਿਚ ਪ੍ਰੋ. ਕੈਲੀ ਦੇ ਨਿਰਦੇਸ਼ਨ ਹੇਠ ਡਾਕਟਰੇਟ ਦੀ ਡਿਗਰੀ ਲਈ। ਉਸ ਦਾ ਵਿਸ਼ਾ ਸਾਈਕਲਿਕ ਵੈਕਟਰ ਸਪੇਸ ਥਿਊਰੀ ਨਾਲ ਸਬੰਧਿਤ ਸੀ। ਟੌਪਿਕ ਸੀ ਰੀਪ੍ਰੋਡਿਊਸਿੰਗ ਕਰਨਲਜ਼ ਐਂਡ ਅਪਰੇਟਰਜ਼ ਵਿਦ ਏ ਸਾਈਕਲਿਕ ਵੈਕਟਰ। ਡਾਕਟਰੇਟ ਉਪਰੰਤ ਉਹ 1970 ਦੇ ਅੰਤਿਮ ਮਹੀਨਿਆਂ ਤਕ ਅਮਰੀਕਾ ਵਿਚ ਹੀ ਰਿਹਾ। ਕੁਝ ਦੇਰ ਨਾਸਾ ਨਾਲ ਤੇ ਫਿਰ ਸਿਆਟਲ ਦੀ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਅਸਿਸਟੈਂਟ ਪ੍ਰੋਫ਼ੈਸਰ। ਇਸੇ ਦੌਰਾਨ ਭਾਰਤ ਵਾਂਗ ਹੀ ਅਮਰੀਕਾ ਵਿਚ ਉਸ ਬਾਰੇ ਦੰਦਕਥਾਵਾਂ ਤੁਰ ਪਈਆਂ। ਇਕ ਦੰਦਕਥਾ ਅਨੁਸਾਰ 1969 ਵਿਚ ਅਪੋਲੋ-11 ਦੀ ਲਾਂਚਿੰਗ ਤੋਂ ਪਹਿਲਾਂ ਕੁਝ ਸਮੇਂ ਲਈ ਮਿਸ਼ਨ ਦੇ ਇਕੱਤੀ ਕੰਪਿਊਟਰ ਇਕੱਠੇ ਹੀ ਕਿਸੇ ਕਾਰਨ ਬੰਦ ਹੋ ਗਏ। ਇਸ ਸੰਕਟ ਵੇਲੇ ਵੀ.ਐਨ. ਨੇ ਸਾਰੀਆਂ ਕੈਲਕੂਲੇਸ਼ਨਾਂ ਕੀਤੀਆਂ। ਜਦੋਂ ਕੰਪਿਊਟਰ ਚੱਲੇ ਤਾਂ ਉਨ੍ਹਾਂ ਨੇ ਵੀ ਉਹੀ ਨਤੀਜੇ ਦਿੱਤੇ ਜੋ ਵੀ.ਐਨ. ਨੇ ਦਿੱਤੇ ਸਨ। ਇਕ ਹੋਰ ਦੰਦਕਥਾ ਹੈ ਕਿ ਪ੍ਰੋ. ਕੈਲੀ ਦੀ ਧੀ ਉਸ ਨਾਲ ਪਿਆਰ ਕਰਨ ਲੱਗੀ ਸੀ ਅਤੇ ਪ੍ਰੋ. ਕੈਲੀ ਨੇ ਉਸ ਨਾਲ ਆਪਣੀ ਧੀ ਦੀ ਸ਼ਾਦੀ ਕਰਨ ਦਾ ਫ਼ੈਸਲਾ ਕਰ ਲਿਆ ਸੀ। ਡਾ. ਅਰੁਣ ਸਿਨਹਾ ਦਾ ਕਹਿਣਾ ਹੈ ਕਿ ਵੀ.ਐਨ. ਦੇ ਪਿਤਾ ਦੇ ਇਕ ਆਈ.ਪੀ.ਐਸ. ਅਫ਼ਸਰ ਨੇ ਉਸ ਦਾ ਰਿਸ਼ਤਾ ਆਪਣੀ ਧੀ ਵੰਦਨਾ ਰਾਣੀ ਨਾਲ ਕਰਨ ਲਈ ਦਬਾਅ ਪਾਇਆ। ਰਵਾਇਤੀ ਸੋਚ, ਅਫ਼ਸਰੀ ਦਾਬਾ, ਪਰਿਵਾਰ ਤੇ ਬਰਾਦਰੀ- ਸਭ ਕੁਝ ਨੇ ਰਲ ਕੇ ਅਜਿਹੇ ਹਾਲਾਤ ਬਣਾਏ ਕਿ ਵੀ.ਐਨ. ਨੂੰ ਤੁਰੰਤ ਅਮਰੀਕਾ ਛੱਡ ਕੇ ਭਾਰਤ ਆਉਣ ਦਾ ਫ਼ੈਸਲਾ ਸੁਣਾਇਆ ਗਿਆ। ਉਹ ਭਾਰਤ ਆਇਆ ਅਤੇ ਛਪਰਾ ਜ਼ਿਲ੍ਹੇ ਦੇ ਆਈ.ਪੀ.ਐਸ. ਅਫ਼ਸਰ ਦੀ ਧੀ ਵੰਦਨਾ ਨਾਲ 8 ਜੁਲਾਈ 1973 ਨੂੰ ਉਸ ਦੀ ਸ਼ਾਦੀ ਕਰ ਦਿੱਤੀ ਗਈ। ਵੀ.ਐਨ. ਦੇ ਬਰਕਲੇ ਵਾਲੇ ਵਰ੍ਹੇ ਅਮਰੀਕਾ ਵਿਚ ਸਿਵਿਲ ਆਜ਼ਾਦੀ ਤੇ ਵੀਅਤਨਾਮ ਜੰਗ ਦੇ ਵਿਰੋਧ ਦੀਆਂ ਆਵਾਜ਼ਾਂ ਵਾਲੇ ਵਰ੍ਹੇ ਹਨ। ਉਹ ਬਰਕਲੇ ਯੂਨੀਵਰਸਿਟੀ ਦੇ 301 ਕੈਂਪਬੈਲ ਹਾਲ ਵਿਚ ਰਿਹਾ। ਉੱਥੋਂ ਆਈ.ਆਈ.ਟੀ. ਖੜਗਪੁਰ ਦੇ ਆਪਣੇ ਮਿੱਤਰ ਰਾਮ ਪ੍ਰਸਾਦ ਨੂੰ ਲਿਖੇ ਇਕ ਖ਼ਤ ਵਿਚ ਉਹ ਦੇਸ਼ ਤੋਂ ਹਿੰਦੀ ਵਿਚ ਆਈ ਚਿੱਠੀ ਉੱਤੇ ਖ਼ੁਸ਼ੀ ਦਾ ਇਜ਼ਹਾਰ ਕਰਦਾ ਦਿਸਦਾ ਹੈ। ਕੁਝ ਹੋਰ ਖ਼ਤਾਂ ਵਿਚ ਉਹ ਅਮਰੀਕੀ ਮੱਧਵਰਗ ਦੀ ਖੁਸ਼ਹਾਲ ਤੇ ਆਰਾਮ ਵਾਲੀ ਜ਼ਿੰਦਗੀ ਦੀ ਪ੍ਰਸ਼ੰਸਾ ਕਰਦਾ ਨਜ਼ਰ ਆਉਂਦਾ ਹੈ। ਬਹੁਤੇ ਖ਼ਤ 1968-69 ਦੇ ਹਨ। ਉਨ੍ਹਾਂ ਦਿਨਾਂ ਵਿਚ ਆਪਣੇ ਪਿਤਾ ਨੂੰ ਲਿਖੇ ਇਕ ਖ਼ਤ ਵਿਚ ਉਹ ਆਪਣੀ ਨਿੱਕੀ ਭੈਣ ਸੀਤਾ ਦੀ ਪੜ੍ਹਾਈ ਛੁਡਾ ਕੇ ਸ਼ਾਦੀ ਕਰਨ ਦੇ ਵਿਚਾਰ ਨੂੰ ਵੱਡੀ ਗ਼ਲਤੀ ਆਖ ਕੇ ਰੋਕਣ ਤੇ ਪੜ੍ਹਾਈ ਜਾਰੀ ਰੱਖਣ ਲਈ ਕਹਿੰਦਾ ਹੈ। ਉਹ ਉਸ ਨੂੰ ਅੰਗਰੇਜ਼ੀ, ਸਾਇੰਸ ਅਤੇ ਗਣਿਤ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਹਿੰਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਜੇ ਪਰਿਵਾਰ ਚਾਹੇ ਤਾਂ ਉਹ ਸੀਤਾ ਨੂੰ ਅਮਰੀਕਾ ਬੁਲਾ ਸਕਦਾ ਹੈ। ਉਸ ਦੇ ਸੁਝਾਅ ਉੱਤੇ ਸੀਤਾ ਦੀ ਸ਼ਾਦੀ ਦਾ ਵਿਚਾਰ ਰੱਦ ਕਰ ਕੇ ਉਸ ਨੂੰ ਬੀ.ਏ. ਕਰਨ ਦਿੱਤੀ ਗਈ। ਉਹ ਅੱਜਕੱਲ੍ਹ ਪਟਨੇ ਵਿਚ ਹੈ।

ਵੀ.ਐਨ. ਦੇ ਦੋਸਤ ਤੇ ਪਰਿਵਾਰ ਵਾਲੇ ਦੱਸਦੇ ਹਨ ਕਿ ਉਹ ਅਮਰੀਕਾ ਤੋਂ ਕਿੰਨੀਆਂ ਹੀ ਪੇਟੀਆਂ ਕਿਤਾਬਾਂ ਦੀਆਂ ਲੈ ਕੇ ਆਇਆ। ਅਧੂਰਾ ਇਸ਼ਕ, ਪੜ੍ਹਨ-ਲਿਖਣ ਦੀ ਖ਼ਬਤੀ ਪ੍ਰਤਿਭਾ ਅਤੇ ਅਮੀਰ ਘਰ ਦੀ ਤੜਕ-ਭੜਕ ਵਾਲੀ ਜ਼ਿੰਦਗੀ ਦੇ ਸੁਪਨੇ ਲੈਂਦੀ ਬੀਵੀ ਦਾ ਖ਼ਿਆਲ। ਵੀ.ਐਨ. ਦੀ ਸ਼ਖ਼ਸੀਅਤ ਪਾਟ ਕੇ ਰਹਿ ਗਈ। ਵਧੇਰੇ ਮਾਨਸਿਕ ਦਬਾਅ ਹੇਠ ਉਸ ਵਿਚ ਸ਼ੀਜ਼ੋਫਰੀਨੀਆ ਦੇ ਲੱਛਣ ਵਧਣ ਲੱਗੇ। ਬੇਚੈਨ ਵੀ.ਐਨ. ਸਕੂਨ ਲਈ ਨੌਕਰੀ ਬਦਲ ਕੇ ਇਕ ਤੋਂ ਦੂਜੇ ਮਹਾਂਨਗਰ ਵਿਚ ਭਟਕਣ ਲੱਗਾ। ਪਹਿਲਾਂ ਕਾਨਪੁਰ ਆਈ.ਆਈ.ਟੀ. ਵਿਚ ਰੀਡਰ, ਫਿਰ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਬੰਬਈ ਅਤੇ ਅੰਤ ਕਲਕੱਤਾ ਦੇ ਆਈ.ਐਸ.ਆਈ. ਦੀ ਪ੍ਰੋਫ਼ੈਸਰੀ। ਇਸ ਦੌਰਾਨ ਕਿਤੇ ਚੈਨ ਨਾ ਮਿਲਿਆ। ਪਰਿਵਾਰਕ ਕਲੇਸ਼ ਵਧ ਗਿਆ ਤੇ 1975 ਵਿਚ ਦੋਹਾਂ ਦਾ ਤੋੜ ਵਿਛੋੜਾ ਹੋ ਗਿਆ। ਇਸ ਉਪਰੰਤ ਉਸ ਦਾ ਸੁਭਾਅ ਦਿਨੋ-ਦਿਨ ਚਿੜਚਿੜਾ ਹੁੰਦਾ ਗਿਆ। ਉਸ ਦੇ ਖੋਜ ਕਾਰਜਾਂ ਵਿਚ ਖੜੋਤ ਆਉਣ ਲੱਗੀ। ਉਸ ਦਾ ਅੰਤਿਮ ਖੋਜ ਪੱਤਰ 1974 ਵਿਚ ਛਪਿਆ। ਉਨ੍ਹਾਂ ਦਿਨਾਂ ਵਿਚ ਆਈ.ਐਸ.ਆਈ ਕਲਕੱਤਾ ਜਾਇਨ ਕਰਨ ਵਾਲਾ ਪ੍ਰੋਫ਼ੈਸਰ ਸੀ.ਵੀ. ਰਾਓ ਅੱਜਕੱਲ੍ਹ ਚੇਨਈ ਮੈਥੇਮੈਟੀਕਿਲ ਇੰਸਟੀਚਿਊਟ ਵਿਚ ਐਡਜੰਕਟ ਪ੍ਰੋਫ਼ੈਸਰ ਹੈ। ਉਹ ਦੱਸਦਾ ਹੈ ਕਿ ਉਸ ਨੂੰ ਚੁੱਪ-ਗੜੁੱਪ ਆਪਣੇ ਕਮਰੇ ਵਿਚ ਹੀ ਵੇਖਿਆ। ਹੈਲੋ ਤੋਂ ਵੱਧ ਉਸ ਦੀ ਕਿਸੇ ਨਾਲ ਗੱਲਬਾਤ ਨਹੀਂ ਸੀ।

# ਠੰਡੇ ਪਦਾਰਥ ਗਰਮੀਆਂ ਦੀ ਸੁਗਾਤ

ਗਰਮੀਆਂ ਦੇ ਦਿਨਾਂ ਵਿੱਚ ਹਰ ਕੋਈ ਠੰਡੇ ਪਦਾਰਥ ਹੀ ਖਾਣਾ ਪਸੰਦ ਕਰਦਾ ਹੈ। ਇਹਨਾਂ ਦਿਨਾਂ ਵਿੱਚ ਸਭ ਪਕਵਾਨ ਮਠਿਆਈਆਂ ਓਨਾ ਚਿਰ ਵਿਅਰਥ ਹਨ ਜਿਨ੍ਹਾਂ ਚਿਰ ਗਰਮੀ ਦੇ ਤੋਹਫੇ ਖਾਰਾ ਨਿੰਬੂ ਸੋਡਾ, ਸ਼ਿਕੰਜਵੀਂ, ਮਿਲਕ ਬਦਾਮ, ਆਈਸਕਰੀਮ, ਕੁਲਫੀ, ਕਸਾਟਾ, ਠੰਡੀ-ਮਿੱਠੀ ਲੱਸੀ, ਠੰਡੇ ਕੋਕ, ਰੂਹ ਅਫਜਾ, ਜੂਸ ਤੇ ਹੋਰ ਕਈ ਤਰ੍ਹਾਂ ਦੇ ਸ਼ਰਬਤ ਮਾਰਕਿਟ ਵਿੱਚ ਉਪਲਬਧ ਹਨ। ਗਰਮੀ ਵਿੱਚ ਮੂੰਹ ਵੀ ਛੇਤੀ ਸੁੱਕਦਾ ਹੈ ਤੇ ਪਿਆਸ ਵੀ ਬਹੁਤ ਲੱਗਦੀ ਹੈ। ਪਿਆਸ ਬੁਝਾਉਣ ਲਈ ਅਸੀਂ ਫਰਿੱਜ ਜਾਂ ਵਾਟਰ-ਕੂਲਰ ਦਾ ਠੰਡਾ ਪਾਣੀ ਜਾਂ ਜੂਸ, ਕੋਕ ਦਾ ਇਸਤੇਮਾਲ ਕਰਦੇ ਹਾਂ। ਗਰਮੀਆਂ ਵਿੱਚ ਪਾਣੀ ਵੱਧ ਤੋਂ ਵੱਧ ਪੀਣਾ ਚਾਹੀਦਾ ਹੈ। ਧੁੱਪ ਵਿੱਚ ਜ਼ਿਆਦਾ ਕੰਮ ਕਾਰ ਕਰਨ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਕੰਮ ਜ਼ਰੂਰੀ ਹੋਣ ਤਾਂ ਕੀਤੇ ਜਾਣ ਪਰ ਪਾਣੀ ਦੀ ਬੋਤਲ ਹਮੇਸ਼ਾਂ ਆਪਣੇ ਨਾਲ ਰੱਖੋ। ਥੋੜ੍ਹਾ-ਥੋੜ੍ਹਾ ਕਰਕੇ ਪਾਣੀ ਪੀਂਦੇ ਰਹਿਣਾ ਚਾਹੀਦਾ ਹੈ। ਸਰੀਰ ਵਿੱਚ ਪਾਣੀ ਦੀ ਕਮੀ ਨਹੀਂ ਹੋਣ ਦੇਣੀ ਚਾਹੀਦੀ। ਗੁਰਬਾਣੀ ਵਿੱਚ ਲਿਖਿਆ ਹੈ 'ਪਹਿਲਾ ਪਾਣੀ ਜੀਉ ਹੈ'। ਪਾਣੀ ਦੀ ਸੇਵਾ ਵੀ ਹੋ ਸਕੇ ਤਾਂ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਗਰਮੀਆਂ ਵਿੱਚ ਹੇਠ ਲਿਖੀਆਂ ਵਸਤਾਂ/ਪਦਾਰਥਾਂ/ਗਰਮੀਆਂ ਦੇ ਤੋਹਫਿਆਂ ਦਾ ਵੱਧ ਤੋਂ ਵੱਧ ਇਸਤੇਮਾਲ ਕਰਨਾ ਚਾਹੀਦਾ ਹੈ।

ਖਾਰਾ ਨਿੰਬੂ ਸੋਡਾ:- ਗਰਮੀਆਂ ਵਿੱਚ ਸਫ਼ਰ ਦੌਰਾਨ ਪਿਆਸ ਬੁਝਾਉਣੀ ਹੋਵੇ ਜਾਂ ਸਫ਼ਰ ਦੀ ਥਕਾਵਟ ਦੂਰ ਕਰਨੀ ਹੋਵੇ ਤਾਂ ਤਾਜ਼ਾ ਖਾਰਾ ਨਿੰਬੂ ਸੋਡਾ ਗਲਾਸ ਭਰ ਕੇ ਇੱਕ ਵਾਰ ਪੀ ਲਿਆ ਜਾਵੇ। ਇਸ ਨਾਲ ਇੱਕ ਵਾਰ ਰੂਹ ਤੱਕ ਦੀ ਗਰਮੀ ਲਹਿ ਜਾਂਦੀ ਹੈ। ਸਰੀਰ ਵਿੱਚ ਖੇੜਾ ਆ ਜਾਂਦਾ ਹੈ। ਬੱਸਾਂ, ਰੇਲ ਗੱਡੀਆਂ ਵਿੱਚ ਖਾਰਾ ਨਿੰਬੂ ਸੋਡਾ ਨੌਜਵਾਨ ਲੜਕੇ ਦਸ ਰੁਪਏ ਦਾ ਗਲਾਸ ਵੇਚਦੇ ਹਨ। ਪਰ ਇੱਕ ਤਾਂ ਉਹ ਠੰਡਾ ਨਹੀਂ ਹੁੰਦਾ, ਦੂਜਾ ਪਤਾ ਨਹੀਂ ਉਹ ਕਿੰਨਾ ਚਿਰ ਪਹਿਲਾਂ ਦਾ ਹੀ ਗਲਾਸ ਵਿੱਚ ਪਾ ਕੇ ਲਈ ਫਿਰਦੇ ਹੁੰਦੇ ਹਨ। ਉਹਨਾਂ ਪਾਸੋਂ ਸੋਡਾ ਲੈ ਕੇ ਪੀਣਾ ਆਪਣੇ ਆਪ ਨੂੰ ਬਿਮਾਰੀ ਹੀ ਸਹੇੜਨੀ ਹੈ। ਇਸ ਲਈ ਕੋਸ਼ਿਸ਼ ਕਰੋ ਕਿ ਬੱਸ ਸਟੈਂਡ, ਰੇਲਵੇ ਸਟੇਸ਼ਨ, ਬਜ਼ਾਰ 'ਚ ਕਿਸੇ ਵਧੀਆ ਦੁਕਾਨ ਜਾਂ ਰੇਹੜੀ ਵਾਲੇ ਕੋਲੋਂ ਹੀ ਤਾਜ਼ਾ ਖਾਰਾ ਨਿੰਬੂ ਸੋਡਾ ਪੀਤਾ ਜਾਵੇ।

ਸ਼ਿਕੰਜਵੀਂ:- ਸ਼ਿਕੰਜਵੀਂ ਨਿੰਬੂ ਦੀ ਬਣਦੀ ਹੈ। ਅੱਜ-ਕੱਲ੍ਹ ਬਜ਼ਾਰ ਵਿੱਚ ਨਿੰਬੂ 80 ਰੁਪਏ ਤੋਂ 200-250 ਰੁਪਏ ਕਿੱਲੋ ਤੱਕ ਵਿਕ ਰਹੇ ਹਨ। ਗਰਮੀਆਂ ਵਿੱਚ ਸਫ਼ਰ ਦੌਰਾਨ ਸ਼ਿਕੰਜਵੀਂ ਪੀਣ ਨਾਲ ਪਿਆਸ ਜ਼ਿਆਦਾ ਲੱਗਦੀ ਹੈ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਤੇ ਸ਼ਿਕੰਜਵੀਂ ਵੇਚਣ ਵਾਲੇ ਆਮ ਹੀ ਫਿਰਦੇ ਮਿਲਦੇ ਹਨ। ਇਹਨਾਂ ਕੋਲੋਂ ਸ਼ਿਕੰਜਵੀਂ ਪੀਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਹ ਵੇਚਣ ਵਾਲੇ ਬੱਚੇ, ਵਿਅਕਤੀ ਪਤਾ ਨਹੀਂ ਕਦੋਂ ਦੀ ਬਣਾ ਕੇ ਲਈ ਫਿਰਦੇ ਹੁੰਦੇ ਹਨ। ਇਸ ਲਈ ਕਿਸੇ ਥਾਂ ਰੁਕ ਕੇ ਤਾਜ਼ਾ ਸ਼ਿਕੰਜਵੀਂ ਬਣਵਾ ਕੇ ਹੀ ਪੀਣੀ ਚਾਹੀਦੀ ਹੈ। ਕਈ ਵਾਰ ਪਹਿਲਾਂ ਦੀ ਬਣੀ ਹੋਈ ਸ਼ਿਕੰਜਵੀਂ ਰੇਹੜੀ ਵਾਲੇ ਪਿਆ ਦਿੰਦੇ ਹਨ। ਇਸ ਨਾਲ ਨਾ ਤਾਂ ਸਰੀਰ ਵਿੱਚ ਠੰਡਕ ਪਹੁੰਚਦੀ ਹੈ, ਨਾ ਹੀ ਪੀਣ ਦਾ ਮਜ਼ਾ ਆਉਂਦਾ ਹੈ। ਦਿਲ ਵੀ ਕੱਚਾ-ਕੱਚਾ ਹੁੰਦਾ ਹੈ ਤੇ ਕਈ ਵਾਰ ਪੇਟ ਵੀ ਦਰਦ ਹੋਣ ਲੱਗ ਪੈਂਦਾ ਹੈ। ਸ਼ਿਕੰਜਵੀਂ ਦਾ ਛੋਟਾ ਗਲਾਸ 10 ਰੁਪਏ, ਵੱਡਾ ਗਲਾਸ 15 ਰੁਪਏ ਅਤੇ ਉਸ ਤੋਂ ਵੱਡਾ ਗਿਲਾਸ 20 ਰੁਪਏ ਦਾ ਹੈ। ਸ਼ਿਕੰਜਵੀਂ ਘਰ ਵੀ ਬਣਾ ਕੇ ਪੀਤੀ ਜਾ ਸਕਦੀ ਹੈ। ਥੋੜ੍ਹੇ ਜਿਹਾ ਤਾਜ਼ਾ ਪਾਣੀ ਵਿੱਚ ਖੰਡ ਘੋਲ ਲਉ, ਫਿਰ ਨਿੰਬੂ ਨਿਚੋੜ, ਲਉ ਠੰਡਾ ਪਾਣੀ ਫਰਿੱਜ਼ ਦਾ ਜਾਂ ਘੜੇ ਦਾ ਲੋੜ ਅਨੁਸਾਰ ਪਾਉ। ਜਿਤਨਾ ਠੰਡਾ ਪਸੰਦ ਕਰਦੇ ਹੋ ਉਸ ਅਨੁਸਾਰ ਬਰਫ਼ ਵੀ ਪਾਈ ਜਾ ਸਕਦੀ ਹੈ। ਨਮਕ (ਲੂਣ) ਤੇ ਕਾਲੀ ਮਿਰਚ ਪਾਉਣ ਨਾਲ ਸ਼ਿਕੰਜਵੀਂ ਦਾ ਸਵਾਦ ਹੀ ਅਲੱਗ ਹੁੰਦਾ ਹੈ।

ਮਿਲਕ ਬਦਾਮ:- ਸੋਡੇ ਦੀਆਂ ਬੋਤਲਾਂ ਵਿੱਚ ਮਿੱਠੇ ਵਾਲਾ ਦੁੱਧ ਠੰਡਾ ਕਰਕੇ ਪਾਇਆ ਜਾਂਦਾ ਹੈ। ਬਦਾਮ, ਕਾਜੂ ਟੋਟਾ, ਸੋਗੀ ਵਿੱਚ ਪਾ ਕੇ ਬਰਫ਼ ਦੀ ਪੇਟੀ ਜਾਂ ਫਰਿੱਜ਼ ਵਿੱਚ ਠੰਡੀਆਂ ਹੋਣ ਲਈ ਬੋਤਲ ਲਾ ਦਿੱਤੀਆਂ ਜਾਂਦੀਆਂ ਹਨ। ਬੋਤਲ ਦੇ ਉੱਪਰ ਢੱਕਣ ਪਲਾਸਟਿਕ ਦੇ ਹੁੰਦੇ ਹਨ। ਜਦੋਂ ਦੁਕਾਨਦਾਰ ਵੱਲੋਂ ਗਾਹਕ ਨੂੰ ਦੁੱਧ ਵਾਲੀ ਬੋਤਲ (ਭਾਵ ਮਿਲਕ ਬਦਾਮ) ਪੀਣ ਲਈ ਦਿੱਤੀ ਜਾਂਦੀ ਹੈ ਤਾਂ ਉਹ ਬੋਤਲ ਉੱਪਰੋਂ ਢੱਕਣ ਉਤਾਰ ਕੇ ਦਿੰਦਾ ਹੈ। ਇਹ ਢੱਕਣ ਦੁਬਾਰਾ ਫਿਰ ਬੋਤਲਾਂ ਨੂੰ ਸਾਫ਼ ਕਰਨ ਉਪਰੰਤ ਉਹਨਾਂ 'ਚ ਦੁੱਧ, ਡਰਾਈ ਫਰੂਟ ਪਾ ਕੇ ਫਿਰ ਬੋਤਲਾਂ ਤੇ ਲਗਾਇਆ ਜਾਂਦਾ ਹੈ। ਮਿਲਕ ਬਦਾਮ ਪੀਣ ਨਾਲ ਸਰੀਰ ਅੰਦਰ ਠੰਡ ਪੈ ਜਾਂਦੀ ਹੈ। ਇਸ ਦੀ ਕੀਮਤ 40 ਰੁਪਏ ਤੋਂ 70 ਰੁਪਏ ਤੱਕ ਹੈ। ਇਹ ਵੱਖ-ਵੱਖ ਸ਼ਹਿਰਾਂ ਵਿੱਚ ਵੱਖ-ਵੱਖ ਹੈ। ਰੈਡੀਮੇਡ ਦੁੱਧ ਦੀ ਕੀਮਤ ਦੀ ਬੋਤਲ 30-35 ਰੁਪਏ ਦੀ ਹੈ। ਇਹ ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ ਤੇ ਵੀ ਉਪਲਬਧ ਹੈ। ਇਸ ਵਿੱਚ ਡਰਾਈ ਫਰੂਟ ਨਹੀਂ ਪਾਇਆ ਹੁੰਦਾ।

ਲੱਸੀ:- ਇਹ ਹਲਵਾਈ ਜਾਂ ਢਾਬਿਆਂ ਦੀਆਂ ਦੁਕਾਨਾਂ, ਦੁੱਧ ਦੀਆਂ ਡੈਅਰੀਆਂ ਤੇ ਜਾਂ ਫਿਰ ਜ਼ਿਮੀਦਾਰਾਂ ਦੇ ਘਰਾਂ ਵਿੱਚ ਉਪਲਬਧ ਹੁੰਦੀ ਹੈ। ਵੈਸੇ ਤਾਂ ਗਰਮੀ ਕਾਰਨ ਅੱਜ-ਕੱਲ੍ਹ ਲੋਕ ਘਰਾਂ ਵਿੱਚ ਹੀ ਦਹੀ ਤੋਂ ਲੱਸੀ ਤਿਆਰ ਕਰ ਲੈਂਦੇ ਹਨ ਪਰ ਕਈ ਵੱਡੇ ਸ਼ਹਿਰਾਂ ਵਿੱਚ ਤਾਂ ਲੋਕ ਗਰਮੀ ਦੇ ਸੀਜ਼ਨ (ਮੌਸਮ) ਵਿੱਚ ਲੱਸੀ ਵੇਚਣ ਦਾ ਕੰਮ ਕਰਕੇ ਹੀ ਪਰਿਵਾਰ ਪਾਲ ਰਹੇ ਹਨ। ਲੱਸੀ ਦਾ ਛੋਟਾ ਗਲਾਸ 20 ਰੁਪਏ, ਵੱਡਾ 25 ਰੁਪਏ ਤੇ ਉਸ ਤੋਂ ਵੱਡਾ 35 ਰੁਪਏ ਤੱਕ ਹੈ। ਦੁੱਧ ਦਹੀਂ ਦੀਆਂ ਕਈ ਡੈਅਰੀਆਂ ਤੇ ਪਹਿਲਾਂ ਇੱਕ ਕਿੱਲੋ ਦਹੀਂ ਨਾਲ ਇੱਕ ਕਿੱਲੋ ਲੱਸੀ ਮੁਫਤ ਦਿੱਤੀ ਜਾਂਦੀ ਸੀ। ਹੁਣ ਲੱਸੀ 30 ਰੁਪਏ ਕਿੱਲੋ ਹੈ। ਮਿੱਠੀ ਲੱਸੀ, ਦਹੀਂ ਦੀ ਲੱਸੀ, ਚਾਟੀ ਦੀ ਲੱਸੀ ਬਹੁਤ ਮਸ਼ਹੂਰ ਹੈ। ਇਸ ਦਾ ਵੱਡਾ ਗਲਾਸ ਇੱਕੋ ਵਾਰੀ ਡੀਕ ਲਾ ਕੇ ਪੀਣ ਦਾ ਆਪਣਾ ਹੀ ਅਨੰਦ ਹੈ। ਲੱਸੀ ਪੀਣ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਗਰਮੀ ਵਿੱਚ ਦਹੀਂ-ਲੱਸੀ ਦਾ ਨਾਸ਼ਤੇ ਵਿੱਚ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ। ਗਰਮੀ ਵਿੱਚ ਲੱਸੀ ਸਿਹਤ ਲਈ ਬਹੁਤ ਲਾਹੇਵੰਦ ਹੈ।

ਆਈਸਕਰੀਮ:- ਗਰਮੀਆਂ ਵਿੱਚ ਲੋਕ ਰਾਤ ਨੂੰ ਖਾਣਾ ਖਾਣ ਤੋਂ ਬਾਅਦ ਹੀ ਆਈਸਕਰੀਮ ਖਾਣਾ ਪਸੰਦ ਕਰਦੇ ਹਨ। ਇਸੇ ਕਰਕੇ ਲੋਕ ਖਾਣਾ ਖਾਣ ਉਪਰੰਤ ਸੈਰ ਕਰਨ ਦੇ ਬਹਾਨੇ ਜਦੋਂ ਘਰਾਂ 'ਚੋਂ ਨਿਕਲਦੇ ਹਨ ਤਾਂ ਠੰਡੀ ਆਈਸਕਰੀਮ ਚੁਸਕੀਆਂ ਲੈ ਕੇ ਖਾਂਦੇ ਹਨ। ਆਈਸਕਰੀਮ ਦਾ ਵਿਆਹ-ਸ਼ਾਦੀਆਂ, ਪਾਰਟੀਆਂ 'ਚ ਵੀ ਆਮ ਹੀ ਇਸਤੇਮਾਲ ਕੀਤਾ ਜਾਂਦਾ ਹੈ। ਪਹਿਲਾਂ ਪਹਿਲ ਤਾਂ ਇਸ ਦਾ ਇਸਤੇਮਾਲ ਗਰਮੀਆਂ ਵਿੱਚ ਹੀ ਕੀਤਾ ਜਾਂਦਾ ਸੀ। ਅੱਜ-ਕੱਲ੍ਹ ਤਾਂ ਦਸੰਬਰ-ਜਨਵਰੀ ਮਹੀਨੇ ਵਿੱਚ ਵਿਆਹਾਂ ਤੇ ਅਤੇ ਹੋਰ ਪ੍ਰੋਗਰਾਮਾਂ ਵਿੱਚ ਵੀ ਆਈਸਕਰੀਮ ਪਰੋਸੀ ਜਾਂਦੀ ਹੈ ਕਿਉਂਕਿ ਹੁਣ ਪਹਿਲਾਂ ਜਿੰਨੀ ਠੰਡ ਨਹੀਂ ਪੈਂਦੀ।

ਅੱਜ-ਕੱਲ੍ਹ ਆਈਸਕਰੀਮ ਬੰਦ ਪੈਕਟਾਂ, ਡੱਬਿਆਂ 'ਚ ਰੰਗ-ਬਰੰਗੀ ਤੇ ਵੱਖ-ਵੱਖ ਤਰ੍ਹਾਂ ਦੇ ਫਲੇਵਰਸ ਦੀ ਬਜ਼ਾਰਾਂ 'ਚ ਉਪਲਬਧ ਹੈ। ਗਲੀਆਂ-ਮੁਹੱਲਿਆਂ ਵਿੱਚ ਵੀ ਆਈਸਕਰੀਮ ਵੇਚਣ ਵਾਲੇ ਆਮ ਹੀ ਫਿਰਦੇ ਹੁੰਦੇ ਹਨ। ਆਈਸਕਰੀਮ ਦੇ ਕੋਨ/ਕੱਪ ਦੀ ਮਾਰਕਿਟ ਵਿੱਚ ਵੱਖ-ਵੱਖ ਕੀਮਤ ਹੈ। ਸਪੈਸ਼ਲ ਡਰਾਈ ਫਰੂਟ ਆਈਸਕਰੀਮ (100 ਗ੍ਰਾਮ) 50 ਰੁਪਏ, ਸਪੈਸ਼ਲ ਫਰੂਟ ਆਈਸਕਰੀਮ 50 ਰੁਪਏ, ਵਨੀਲਾ 30 ਰੁਪਏ ਪਲੇਟ, ਸਟਰਾਬੇਰੀ 30 ਰੁਪਏ ਪਲੇਟ, ਮੈਂਗੋ 45 ਰੁਪਏ, ਪਾਈਨ ਐਪਲ 45 ਰੁਪਏ, ਬਟਰ ਸਕੋਚ 50 ਰੁਪਏ, ਬਲਿਊ ਬੇਰੀ 50 ਰੁਪਏ, ਕਾਜੂ ਕਿਸ਼ਮਿਸ਼ 50 ਰੁਪਏ, ਕੋਕੋਨਟ 50 ਰੁਪਏ, ਚਾਕਲੇਟ 50 ਰੁਪਏ, ਕੋਨ ਆਈਸਕਰੀਮ 30 ਰੁਪਏ ਤੋਂ 60 ਰੁਪਏ ਤੱਕ ਅਤੇ ਹੋਰ ਅਨੇਕਾਂ ਵੀ ਫਲੇਵਰਸ ਹਨ। ਬੰਦ ਪੈਕਟਾਂ ਡੱਬਿਆਂ ਵਿੱਚ ਆਈਸਕੀਮ ਦੀ ਕੀਮਤ 110 ਰੁਪਏ ਕਿੱਲੋ ਤੋਂ ਲੈ ਕੇ 500-600 ਰੁਪਏ ਕਿੱਲੋ ਤੱਕ ਹੈ। ਆਈਸਕਰੀਮ ਦੇ ਸ਼ੇਕ ਵੀ ਪੀਣ ਲਈ ਮਾਰਕਿਟ ਵਿੱਚ ਉਪਲਬਧ ਹਨ ਜਿਵੇਂ ਵਨੀਲਾ ਸ਼ੇਕ 70 ਰੁਪਏ, ਸਟਰਾਬੇਰੀ ਸ਼ੇਕ 70 ਰੁਪਏ, ਮੈਂਗੋ ਸ਼ੇਕ ਛੋਟਾ ਗਿਲਾਸ 40 ਰੁਪਏ ਅਤੇ ਵੱਡਾ ਗਿਲਾਸ 70 ਰੁਪਏ, ਚਾਕਲੇਟ ਸ਼ੇਕ 80 ਰੁਪਏ ਅਤੇ ਕੋਲਡ ਕੋਫੀ ਸ਼ੇਕ 80 ਰੁਪਏ ਹਨ। ਆਈਸਕਰੀਮ ਚੈਰੀ, ਕਾਜੂ, ਬਦਾਮ ਤੇ ਹੋਰ ਕਈ ਪ੍ਰਕਾਰ ਦੇ ਡਰਾਈਫਰੂਟਸ ਦੀਆਂ ਮਾਰਕਿਟ ਵਿੱਚ ਮਿਲਦੀਆਂ ਹਨ। ਜਿਨ੍ਹਾਂ ਨੂੰ ਖਾਣ ਨਾਲ ਵਿਅਕਤੀ/ਲੋਕਾਂ ਦੇ ਧੁਰ ਅੰਦਰ ਤੱਕ ਠੰਡਕ ਪਹੁੰਚ ਜਾਂਦੀ ਹੈ। ਆਪਣੀ ਜੇਬ ਵੇਖ ਕੇ ਆਈਸਕਰੀਮ ਖਾਉ। ਕਦੇ ਕਿਸੇ ਦੇ ਮਗਰ ਲੱਗ ਕੇ ਜਾਂ ਦੁਕਾਨਦਾਰ ਦੇ ਕਹਿਣ ਤੇ ਹੀ ਆਈਸਕਰੀਮ ਨਾ ਖਾਉ। ਜੋ ਤੁਹਾਡਾ ਮਨ ਕਹੇ, ਜਾਂ ਤੁਹਾਡਾ ਮਨ ਖਾਣ ਨੂੰ ਕਰੇ, ਉਹ ਹੀ ਆਈਸਕਰੀਮ ਲੈ ਕੇ ਖਾਉ। ਆਈਸਕਰੀਮ ਦਾ ਲੁਤਫ਼ ਕੁਝ ਪਲਾਂ ਦਾ ਹੁੰਦਾ ਹੈ। ਅੱਜ-ਕੱਲ੍ਹ ਤਾਂ ਆਈਸਕਰੀਮ ਘਰ ਵੀ ਬਣਾਈ ਜਾ ਸਕਦੀ ਹੈ। ਆਈਸਕਰੀਮ ਦਾ ਪਾਊਡਰ ਮਾਰਕਿਟ ਵਿੱਚ ਮਿਲਦਾ ਹੈ। ਪਾਊਡਰ ਵਾਲੇ ਡੱਬੇ ਤੇ ਆਈਸਕਰੀਮ ਬਣਾਉਣ ਦਾ ਤਰੀਕਾ ਲਿਖਿਆਂ ਹੋਇਆ ਹੁੰਦਾ ਹੈ। ਜਿਸ ਨੂੰ ਪੜ੍ਹ ਕੇ ਬਣਾਈ ਜਾ ਸਕਦੀ ਹੈ। ਇਹ ਆਈਸਕਰੀਮ ਸਵਾਦਿਸ਼ਟ ਤੇ ਬਜ਼ਾਰੀ ਆਈਸਕਰੀਮ ਨਾਲੋਂ ਸਸਤੀ ਪੈਂਦੀ ਹੈ।

ਫਰੂਟੀ:- ਇਸ ਨੂੰ ਬੱਚੇ ਹੀ ਜ਼ਿਆਦਾ ਪਸੰਦ ਕਰਦੇ ਹਨ। ਇਸ ਦੀ ਕੀਮਤ 10 ਰੁਪਏ ਹੈ ਪਰ ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਸਿਨੇਮਾਂ ਘਰਾਂ ਅਤੇ ਰੈਸਟੋਰੈਂਟਾਂ ਵਿੱਚ ਇਸ ਦੀ ਕੀਮਤ 15 ਤੋਂ 30 ਰੁਪਏ ਤੱਕ ਹੈ। ਇਹ ਡੱਬੀ ਵਿੱਚ ਹੁੰਦੀ ਹੈ। ਅੱਜ-ਕੱਲ੍ਹ ਤਾਂ ਵੱਡੇ ਡੱਬਿਆਂ ਵਿੱਚ ਵੀ ਇਸਤੇਮਾਲ ਹੋਣ ਲੱਗ ਪਈ ਹੈ। ਕਈ ਵਾਰ ਪਿਆਸ ਬੁਝਾਉਣ ਲਈ ਨੌਜਵਾਨ, ਮੱਧ ਵਰਗ ਤੇ ਬਜ਼ੁਰਗ ਵੀ ਇਸ ਦਾ ਇਸਤੇਮਾਲ ਕਰਦੇ ਹਨ। ਇਸ ਦਾ ਵੀ ਆਪਣਾ ਹੀ ਸੁਆਦ ਹੈ। ਫਰੂਟੀ ਦੇ ਬੰਦ ਪੈਕਟ ਵਿੱਚ ਫਰੂਟੀ ਦੇ 10 ਪੀਸ ਹੁੰਦੇ ਹਨ। ਇਸ ਦੀ ਕੀਮਤ ਥੋਕ ਰੇਟ ਵਿੱਚ 85-90 ਰੁਪਏ, ਫਰੂਟੀ ਦੇ ਵੱਡੇ ਡੱਬੇ ਵਿੱਚ 40 ਪੀਸ (ਡੱਬੀਆਂ) ਹੁੰਦੇ ਹਨ। ਇਸ ਦੀ ਕੀਮਤ ਥੋਕ ਰੇਟ ਵਿੱਚ 340 ਰੁਪਏ ਹੈ।

ਕਸਾਟਾ:- ਇਹ ਬਹੁਤ ਹੀ ਸਵਾਦਿਸ਼ਟ ਹੁੰਦਾ ਹੈ। ਇਸ ਦੀ ਪੈਕਿੰਗ ਗੱਤੇ ਦੇ ਡੱਬਿਆਂ 'ਚ ਹੁੰਦੀ ਹੈ। ਛੋਟਾ ਪੈਕਟ 50 ਰੁਪਏ, ਵੱਡਾ 90 ਰੁਪਏ ਤੇ ਉਸ ਤੋਂ ਵੱਡਾ 130 ਰੁਪਏ ਦਾ ਹੈ। ਇਹ ਬਹੁਤ ਠੰਡਾ-ਠਾਰ ਹੁੰਦਾ ਹੈ। ਇਸ ਨੂੰ ਹੌਲੀ-ਹੌਲੀ ਖਾਧਾ ਜਾਂਦਾ ਹੈ। ਇਹ ਜ਼ਿਆਦਾ ਠੰਡਾ ਹੋਣ ਕਰਕੇ ਦੰਦਾਂ ਨੂੰ ਲੱਗਦਾ ਹੈ। ਇਸ ਵਿੱਚ ਕਾਜੂ, ਬਦਾਮ ਤੇ ਹੋਰ ਕਈ ਮਿਸ਼ਰਣ ਪਾਏ ਹੁੰਦੇ ਹਨ।

ਘੜੇ ਵਾਲੀ ਕੁਲਫੀ:- ਘੜੇ ਵਾਲੀ ਕੁਲਫ਼ੀ ਨੂੰ ਮੱਟ ਵਾਲੀ ਕੁਲਫੀ ਜਾਂ ਮਟਕਾ ਕੁਲਫ਼ੀ ਵੀ ਕਿਹਾ ਜਾਂਦਾ ਹੈ। ਇਸ ਨੂੰ ਖਾਣ 'ਚ ਵੱਖਰਾ ਹੀ ਅਨੰਦ ਹੈ। ਠੰਡੇ ਖੋਏ ਵਿੱਚ ਬਦਾਮ, ਕਾਜੂ, ਪਿਸਤਾ, ਸੋਗੀ ਤੇ ਮਿੱਠੇ ਦਾ ਸਵਾਦੀ ਮਿਸ਼ਰਣ ਹੁੰਦਾ ਹੈ। ਇਹ ਮਿਸ਼ਰਣ ਪਲਾਸਟਿਕ ਜਾਂ ਸਿਲਵਰ ਦੀਆਂ ਕੁੱਪੀਆਂ ਦੇ ਖੋਲ੍ਹ ਵਿੱਚ ਭਰ ਕੇ ਬਰਫ਼ ਤੇ ਲੂਣ (ਨਮਕ) ਵਾਲੇ ਮੱਟ ਵਿੱਚ ਸੁੱਟ (ਪਾ) ਦਿੱਤੀਆਂ ਜਾਂਦੀਆਂ ਹਨ। ਫਿਰ ਇੱਕ ਮਜ਼ਬੂਤ ਲੱਕੜ ਦੇ ਡੰਡੇ ਨਾਲ ਹਿਲਾਇਆ ਜਾਂਦਾ ਹੈ। ਵਾਧੂ ਪਾਣੀ ਪਾਈਪ ਜਾਂ ਕੱਪ ਨਾਲ ਬਾਹਰ ਕੱਢ ਦਿੱਤਾ ਜਾਂਦਾ ਹੈ। ਜਦ ਕੁਲਫ਼ੀ ਪੂਰੀ ਤਰ੍ਹਾਂ ਜੰਮ ਕੇ ਠੰਡੀ ਹੋ ਜਾਂਦੀ ਹੈ ਤਾਂ ਗਾਹਕ ਨੂੰ ਪਲੇਟ ਵਿੱਚ ਪਾ ਕੇ, ਕੱਟ ਕੇ, ਦੂਜੇ ਪਦਾਰਥਾਂ ਫਲੂਦਾ, ਗੂੰਦ ਕਤੀਰਾ ਤੇ ਸ਼ਰਬਤ (ਮਿੱਠਾ) ਪਾ ਕੇ ਖਾਣ ਲਈ ਪਰੋਸ ਦਿੱਤੀ ਜਾਂਦੀ ਹੈ। ਇਸ ਦੀ ਕੀਮਤ 50 ਰੁਪਏ ਤੋਂ ਲੈ ਕੇ 80 ਰੁਪਏ ਤੱਕ ਹੈ। ਸਪੈਸ਼ਲ ਘੜੇ ਵਾਲੀ ਕੁਲਫ਼ੀ ਰਬੜੀ ਸਮੇਤ ਦੀ ਕੀਮਤ 90 ਰੁਪਏ ਹੈ। ਇਸ ਦਾ ਸਵਾਦ ਸਭ ਠੰਡੇ ਪਦਾਰਥਾਂ ਤੋਂ ਉੱਤਮ ਹੈ।

ਠੰਡੇ ਕੋਕ:- ਗਰਮੀਆਂ ਵਿੱਚ ਪੀਣ ਵਾਲੇ ਠੰਡੇ ਕੋਕ ਜਿਵੇਂ ਲਿਮਕਾ, ਕੋਕਾ ਕੋਲਾ, ਲੈਮਨ, ਥਮਸ ਅੱਪ, ਪੈਪਸੀ, ਫੈਂਟਾ, ਆਦਿ ਹਨ। ਕੋਕਾ ਕੋਲਾ, ਲਿਮਕਾ, ਫੈਂਟਾ ਤੇ ਥਮਸ ਅੱਪ ਦੀਆਂ ਦੋ ਲੀਟਰ ਦੀਆਂ ਬੋਤਲਾਂ ਵੀ ਮਾਰਕਿਟ ਵਿੱਚ ਉਪਲਬਧ ਹਨ। ਲਿਮਕਾ ਦੀ ਬੋਤਲ ਦੇ ਤਿੰਨ-ਚਾਰ ਸਾਈਜ਼ ਮਾਰਕਿਟ ਵਿੱਚ ਹਨ ਤੇ ਇਸ ਦੇ ਰੇਟ ਵੀ ਵੱਖ-ਵੱਖ ਹਨ। ਸਾਰੇ ਕੋਕ ਦੀਆਂ ਦੋ ਲੀਟਰ ਬੋਤਲਾਂ ਦੀ ਕੀਮਤ 75 ਤੋਂ 95 ਰੁਪਏ ਦੇ ਵਿਚਕਾਰ ਹੈ। ਉਪਰੋਕਤ ਲਿਖਿਅ ਵਿੱਚੋਂ ਲਿਮਕਾ, ਕੋਕਾ ਕੋਲਾ, ਫੈਂਟਾ, ਫਰੂਟੀ, ਸਵਾ ਲੀਟਰ ਵਿੱਚ ਵੀ ਮਾਰਕੀਟ ਵਿੱਚ ਉਪਲਬਧ ਹੈ। ਲਿਮਕਾ, ਕੋਕਾ ਕੋਲਾ, ਮਾਜਾ, ਫੈਂਟਾ, ਡਿਉ, ਪੈਪਸੀ ਦੀਆਂ ਬੋਤਲਾਂ ਦੇ ਤਿੰਨ ਚਾਰ ਸਾਈਜ ਮਾਰਕੀਟ ਵਿੱਚ ਉਪਲਬਧ ਹੈ। ਕਈ ਕੰਪਨੀਆਂ ਲੋਕਲ ਬਰਾਂਡ ਵੀ ਤਿਆਰ ਕਰਕੇ ਵੇਚ ਰਹੀਆਂ ਹਨ। ਗਰਮੀਆਂ ਵਿੱਚ ਸਿਰਫ ਕੁਝ ਸਮੇਂ ਲਈ ਹੀ ਇਹ ਪਿਆਸ ਬੁਝਾਉਣ ਲਈ ਵਰਤੋਂ 'ਚ ਆਉਂਦੇ ਹਨ। ਵਿਆਹ ਸ਼ਾਦੀਆਂ, ਧਾਰਮਿਕ ਸਮਾਗਮਾਂ, ਖ਼ੁਸ਼ੀ ਦੇ ਮੌਕੇ ਤੇ ਕੋਕ ਦਾ ਇਸਤੇਮਾਲ ਆਮ ਹੀ ਕੀਤਾ ਜਾਂਦਾ ਹੈ। ਬੱਸ ਅੱਡਿਆਂ, ਹੋਟਲਾਂ, ਰੇਲਵੇ ਸਟੇਸ਼ਨਾਂ 'ਤੇ ਕੋਕ ਦੀ ਕੀਮਤ ਮਾਰਕਿਟ ਕੀਮਤ ਨਾਲੋਂ ਜ਼ਿਆਦਾ ਹੈ।

ਕੁਲਫ਼ੀ:- ਇਹ ਖੋਏ, ਚਾਕਲੇਟ, ਬਰਫ਼ ਦੀ ਹੁੰਦੀ ਹੈ। ਅੱਜ-ਕੱਲ੍ਹ ਤਾਂ ਮਾਰਕਿਟ ਵਿੱਚ ਬਹੁਤ ਖ਼ੂਬਸੂਰਤ ਪੈਕਿੰਗ ਵਿੱਚ ਤਿਆਰ ਕੁਲਫ਼ੀਆਂ ਮਿਲਦੀਆਂ ਹਨ। ਕੁਲਫ਼ੀ 10 ਰੁਪਏ ਤੋਂ ਲੈ ਕੇ 160 ਰੁਪਏ ਤੱਕ ਹੈ। ਖੋਏ ਦੀ ਕੁਲਫ਼ੀ ਛੋਟੀ 10 ਰੁਪਏ, ਵੱਡੀ 20 ਰੁਪਏ ਦੀ ਹੈ। ਸਪੈਸ਼ਲ ਸਟਿੱਕ ਕੁਲਫੀ 20, 25, 30, 40, 50 ਰੁਪਏ ਦੀ ਹੈ। ਸਪੈਸ਼ਲ ਸਟਿੱਕ ਕੇਸਰ ਕੁਲਫ਼ੀ ਦੀ ਕੀਮਤ 30 ਰੁਪਏ ਤੇ 50 ਰੁਪਏ ਹੈ। ਮਲਾਈ ਕੁਲਫ਼ੀ 60 ਰੁਪਏ ਅਤੇ ਸ਼ੂਗਰ ਫਰੀ ਸਟਿੱਕ ਕੁਲਫ਼ੀ 30 ਰੁਪਏ ਦੀ ਹੈ। ਗਲੀ-ਮੁਹੱਲੇ ਵਿੱਚ ਵੀ ਰੇਹੜੀਆਂ ਵਾਲੇ ਕੁਲਫ਼ੀਆਂ ਬਰਫ਼ ਦੇ ਗੋਲੇ ਬਣਾ ਕੇ ਪਹਿਲਾਂ ਵੇਚਦੇ ਸਨ, ਅੱਜ ਇਹ ਬਹੁਤ ਘੱਟ ਗਏ ਹਨ। ਅੱਜ ਗਲੀਆਂ-ਮੁਹੱਲਿਆਂ ਤੇ ਦੁਕਾਨਾਂ ਤੇ ਖੋਏ ਵਾਲੀਆਂ ਕੁਲਫ਼ੀਆਂ, ਚਾਕਲੇਟ ਕੁਲਫੀਆਂ ਤੇ ਹੋਰ ਅਨੇਕਾਂ ਤਰ੍ਹਾਂ ਦੇ ਫਲੇਅਰ ਹਨ। ਪਹਿਲਾਂ ਪਹਿਲ ਬਰਫ਼ ਦੇ ਗੋਲੇ ਵਿੱਚ ਤੇ ਖੋਏ ਵਾਲੀ ਕੁਲਫ਼ੀ ਵਿੱਚ ਲੱਕੜ ਦਾ ਤੀਲਾ ਲਾਇਆ ਹੁੰਦਾ ਸੀ ਪਰ ਅੱਜ ਖੋਏ ਵਾਲੀ ਕੁਲਫ਼ੀ ਬੰਦ ਪੈਕਿੰਗ ਵਿੱਚ ਤੇ ਪਲਾਸਟਿਕ ਦਾ ਤੀਲਾ (ਸਟਿੱਕ) ਲਾਇਆ ਹੁੰਦਾ ਹੈ। ਕਈ ਕੁਲਫ਼ੀਆਂ ਵਿੱਚ ਲੱਕੜ ਦੀ ਫੱਟੀ ਵਾਂਗ ਚੌੜਾ ਤੀਲਾ ਲਗਾਇਆ ਹੁੰਦਾ ਹੈ। ਬਰਫ਼ ਦੇ ਗੋਲੇ ਬੱਚਿਆਂ ਦੀ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਰੇਹੜੀਆਂ ਵਾਲੇ ਜੋ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਕੁਲਫ਼ੀਆਂ ਵੇਚਦੇ ਹਨ, ਉਹ ਹੀ ਬੱਚਿਆਂ ਨੂੰ ਲੈ ਕੇ ਦੇਣੀਆਂ ਚਾਹੀਦੀਆਂ ਹਨ।

ਸ਼ਰਬਤ:- ਗਰਮੀਆਂ ਵਿੱਚ ਪੀਣ ਵਾਲੇ ਸ਼ਰਬਤ ਵੀ ਅਨੇਕਾਂ ਹਨ ਪਰ ਤਾਜ਼ੇ ਸਵਾਦੀ ਸ਼ਰਬਤਾਂ ਨੂੰ ਪੀਣ ਦਾ ਆਪਣਾ ਹੀ ਮਜ਼ਾ ਹੈ। ਹਾਂ ਇੱਕ ਗੱਲ ਜ਼ਰੂਰ ਧਿਆਨ ਰੱਖਣਾ, ਪਹਿਲਾਂ ਤਿਆਰ ਕੀਤਾ ਸ਼ਰਬਤ ਪੀਣ ਨਾਲ ਕਈ ਵਾਰ ਪੇਟ ਖ਼ਰਾਬ ਹੋ ਜਾਂਦਾ ਹੈ ਤੇ ਸ਼ਰਬਤ ਪੀਣ ਵਿੱਚ ਸਵਾਦ ਵੀ ਨਹੀਂ ਆਉਂਦਾ। ਜੇਕਰ ਹੋ ਸਕੇ ਤਾਂ ਰਸਨਾ, ਪਾਈਨ ਐਪਲ ਦੇ ਸ਼ਰਬਤ ਘਰ ਵਿੱਚ ਹੀ ਤਿਆਰ ਕਰੋ ਤੇ ਤੁਸੀਂ ਮਿੱਠਾ ਵੀ ਆਪਣੀ ਪਸੰਦ ਅਨੁਸਾਰ ਪਾ ਸਕਦੇ ਹੋ। ਮਾਰਕਿਟ ਵਿੱਚ ਬੰਦ ਸ਼ਰਬਤਾਂ ਦੇ ਵੀ ਵੱਖ-ਵੱਖ ਫਲੇਵਰ ਉਪਲਬਧ ਹਨ। ਜਿਵੇਂ ਲੈਮਨ, ਲੀਚੀ, ਮੈਂਗੋ, ਆਦਿ। ਇਹ 750 ਐਮ.ਐਲ ਬੋਤਲ ਦੀ ਕੀਮਤ 150 ਰੁਪਏ ਤੋਂ ਲੈਕੇ 250 ਰੁਪਏ ਤੱਕ ਹੈ। ਇਹਨਾਂ ਸ਼ਰਬਤਾਂ ਦਾ ਪਾਣੀ ਦੇ ਗਲਾਸ ਵਿੱਚ ਇੱਕ ਢੱਕਣ ਹੀ ਪਾਉਂਣਾ ਪੈਂਦਾ ਹੈ। ਪਰ ਕਈ ਸ਼ਰਬਤ ਇਸ ਤਰ੍ਹਾਂ ਦੇ ਵੀ ਮਾਰਕਿਟ ਵਿੱਚ ਹਨ ਜਿਨ੍ਹਾਂ ਵਿੱਚ ਪਾਣੀ ਪਾਉਣ ਦੀ ਜ਼ਰੂਰਤ ਹੀ ਨਹੀਂ ਪੈਂਦੀ। ਸ਼ਰਬਤਾਂ ਦੀ ਕੀਮਤ 90 ਰੁਪਏ ਤੋਂ ਲੈ ਕੇ 250-300 ਰੁਪਏ ਤੱਕ ਹੈ। ਬਜ਼ਾਰ 'ਚ ਜਾਂ ਰੇਹੜੀਆਂ ਤੋਂ ਸ਼ਰਬਤ ਹਮੇਸ਼ਾਂ ਤਾਜ਼ਾ ਹੀ ਪੀਉ। ਉਪਰੋਕਤ ਤੋਂ ਇਲਾਵਾ ਹੋਰ ਵੀ ਕਈ ਠੰਡੇ ਪੀਣ ਵਾਲੇ ਪਦਾਰਥ ਹਨ। ਲੇਖ ਲੰਮੇਰਾ ਹੋ ਜਾਣ ਕਰਕੇ ਉਹਨਾਂ ਦਾ ਇੱਥੇ ਜ਼ਿਕਰ ਨਹੀਂ ਕਰ ਰਿਹਾ ਹਾਂ। ਮਾਰਕਿਟ ਵਿੱਚ ਅੱਜ-ਕੱਲ੍ਹ ਗਰਮੀ ਬਹੁਤ ਜ਼ੋਰ ਨਾਲ ਪੈਣ ਕਰਕੇ ਵੱਖ-ਵੱਖ ਕੰਪਨੀਆਂ ਵਾਲੇ ਵੀ ਠੰਡੇ ਪਦਾਰਥ ਭੇਜ ਰਹੇ ਹਨ। ਇਹਨਾਂ ਦਾ ਮਜ਼ਾ ਕੁਝ ਪਲਾਂ ਦਾ ਹੀ ਹੁੰਦਾ ਹੈ। ਆਪਣੀ ਪਿਆਸ ਜ਼ਰੂਰ ਬੁਝਾਉ ਕਿਉਂਕਿ ਸਰੀਰ ਲਈ ਪਾਣੀ ਦੀ ਵੀ ਜ਼ਰੂਰਤ ਹੈ। ਆਪਣੀ ਜੇਬ ਦੇਖ ਕੇ ਠੰਡੇ ਪਦਾਰਥਾਂ ਦਾ ਇਸਤੇਮਾਲ ਕਰੋ ਕਿਤੇ ਇਹ ਨਾ ਹੋਵੇ ਕਿ ਤੁਹਾਡੇ ਘਰ ਦਾ ਬਜਟ ਹੀ ਵਿਗੜ ਜਾਵੇ। ਸੋ ਸੋਚ ਸਮਝ ਕੇ ਤੇ ਜ਼ਰੂਰਤ ਵੇਲੇ ਹੀ ਠੰਡੇ ਪਦਾਰਥ ਖਾਉ ਤੇ ਪੀਉ।

# 'ਹਾਂ ਜੀ, ਮੈਂ ਹੀ ਹਾਂ ਸੁਖਪਾਲ, ਪਰ ਮੈਂ ਡਾਕਟਰਨੀ ਨਹੀਂ ਬੇਬੇ।

ਅੱਜ ਸੱਚੀਂ ਹੀ ਮੈਂ ਕੁਝ ਖਿਝ ਜਿਹੀ ਗਈ ਸੀ ਜਦੋਂ ਮੇਰੇ ਕੰਨਾਂ ਵਿੱਚ ਇੱਕ ਬਹੁਤ ਹੀ ਕੁਰੱਖਤ ਆਵਾਜ਼ ਆ ਪਈ। ਮੈਂ ਖਿੜਕੀ ਦਾ ਪਰਦਾ ਹਟਾ ਕੇ ਦੇਖਿਆ ਤਾਂ 45 ਕੁ ਸਾਲਾਂ ਦੀ ਇੱਕ ਔਰਤ ਕਹਿ ਰਹੀ ਸੀ, “ਗੱਲ ਸੁਣ ਕੁੜੀਏ! ਮੈਂ ਥਾਣੇਦਾਰ ਨਾਲ ਗੱਲ ਕੀਤੀ ਹੈ। ਉਹ ਆਂਹਦਾ ਕਿ ਕੁੜੀ ਜਿਸ ਦਾ ਵੀ ਨਾਮ ਲਊ ਪੁਲੀਸ ਉਸਨੂੰ ਹੀ ਚੱਕੂ। ਹੁਣ ਤੂੰ ਸਿੱਧਰੀ ਨਾ ਬਣ ਤੇ ਕਰੜੀ ਜੀ ਹੋ ਕੇ ਲੈ ਦੇ ਨਾਂ ਸਹੁਰਿਆਂ 'ਚੋਂ। ਆਪੇ ਥਾਣੇ ਜਾ ਕੇ ਸਿੱਧੇ ਹੋਣੇ ਨੇ। ਮੈਂ ਤੇਰੇ ਨਾਲ ਹਾਂ।” ਮੇਰੇ ਦਫ਼ਤਰੀ ਕਮਰੇ ਦੇ ਨਾਲ ਲੱਗਦੀ ਪਾਰਕਨੁਮਾ ਜਗ੍ਹਾ ਵਿੱਚ ਪੰਦਰਾਂ ਕੁ ਔਰਤਾਂ ਨੇ ਤੇਈ ਕੁ ਸਾਲਾਂ ਦੀ ਕੁੜੀ, ਜਿਸ ਦੇ ਇੱਕ ਹੱਥ 'ਤੇ ਪਲੱਸਤਰ ਲੱਗਿਆ ਹੋਇਆ ਸੀ, ਨੂੰ ਭੁੰਜੇ ਜ਼ਮੀਨ 'ਤੇ ਬਿਠਾ ਰੱਖਿਆ ਸੀ। ਅੱਧੇ ਕੁ ਘੰਟੇ ਤੋਂ ਉਹ ਉਸ ਕੁੜੀ ਨੂੰ ਕੁਝ ਮੰਨਵਾਉਣ ਲਈ ਜ਼ੋਰ ਪਾ ਰਹੀਆਂ ਸਨ। ਉਸ ਕੁੜੀ ਨੇ ਹਾਲੇ ਵੀ ਆਪਣਾ ਸਿਰ ਨਹੀਂ ਚੁੱਕਿਆ ਸੀ। ਬਾਕੀ ਦੀਆਂ ਔਰਤਾਂ ਵੀ ਆਪਣਾ ਹੀ ਰੌਲਾ ਪਾ ਰਹੀਆਂ ਸਨ। ਇਹ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਸੀ। ਰੋਜ਼ ਹੀ ਕੋਈ ਨਾ ਕੋਈ ਰੌਲਾ-ਰੱਪਾ ਪਿਆ ਹੀ ਰਹਿੰਦਾ ਸੀ, ਪਰ ਅੱਜ ਮੈਨੂੰ ਕੁਝ ਜ਼ਿਆਦਾ ਹੀ ਖਿੱਝ ਆ ਰਹੀ ਸੀ। ਮੈਂ ਪਰਦਾ ਠੀਕ ਕਰਕੇ ਮੁੜ ਆਪਣੀ ਕੁਰਸੀ 'ਤੇ ਬੈਠ ਕੰਮ ਵਿੱਚ ਜੁਟ ਗਈ ਸੀ। ਪੰਜ ਕੁ ਮਿੰਟਾਂ ਬਾਅਦ ਮੇਰੇ ਦਫ਼ਤਰ ਦਾ ਬਾਹਰ ਲੱਗਿਆ ਸ਼ੀਸ਼ੇ ਵਾਲਾ ਦਰਵਾਜ਼ਾ ਇਕਦਮ ਖੁੱਲ੍ਹਿਆ ਤੇ ਜ਼ੋਰ ਦੀ ਬੰਦ ਵੀ ਹੋ ਗਿਆ। ਮੈਂ ਸਿਰ ਉਠਾ ਕੇ ਦੇਖਿਆ ਤਾਂ ਚਾਰ ਔਰਤਾਂ ਖੜ੍ਹੀਆਂ ਸਨ। ਉਨ੍ਹਾਂ ਵਿੱਚੋਂ ਤਿੰਨ ਦੀ ਉਮਰ ਲਗਭਗ 40 ਤੋਂ 55 ਸਾਲ ਦੇ ਵਿਚਕਾਰ ਸੀ ਅਤੇ ਇਨ੍ਹਾਂ ਵਿੱਚੋਂ ਸਭ ਤੋਂ ਪਿੱਛੇ 33 ਕੁ ਸਾਲ ਦੀ ਕੁੜੀ ਖੜ੍ਹੀ ਸੀ ਜਿਸ ਨੇ ਬਹੁਤ ਹੀ ਮਰੀਅਲ ਜਿਹਾ ਬੱਚਾ ਆਪਣੀ ਕੁੱਛੜ ਚੁੱਕਿਆ ਹੋਇਆ ਸੀ। ਬੱਚੇ ਦੇ ਮੂੰਹ ਵਿੱਚੋਂ ਲਾਰ ਵਗ ਰਹੀ ਸੀ ਤੇ ਉਸ ਕੁੜੀ ਦਾ ਹਾਲ ਵੀ ਕੁਝ ਬਹੁਤਾ ਠੀਕ ਨਹੀਂ ਸੀ। ਉਹਦੇ ਵਾਲ ਪੂਰੀ ਤਰ੍ਹਾਂ ਖਿੰਡੇ ਹੋਏ ਸਨ ਤੇ ਅੱਧੇ ਸਿਰ 'ਤੇ ਚੁੰਨੀ ਲਈ ਸੀ। ਉਨ੍ਹਾਂ ਵਿੱਚੋਂ ਇੱਕ ਔਰਤ ਆਉਂਦੇ ਸਾਰ ਕੁਰਸੀ 'ਤੇ ਬਿਰਾਜਮਾਨ ਹੋ ਗਈ। ਉਸ ਨੇ ਬੈਠਦਿਆਂ ਹੀ ਪੁੱਛਿਆ, “ਕੁੜੇ ਕੁੜੀਏ! ਅਸੀਂ ਸੁਖਪਾਲ ਡਾਕਟਰਨੀ ਨੂੰ ਮਿਲਣਾ।” “ਹਾਂ ਜੀ, ਮੈਂ ਹੀ ਹਾਂ ਸੁਖਪਾਲ, ਪਰ ਮੈਂ ਡਾਕਟਰਨੀ ਨਹੀਂ ਬੇਬੇ।” ਮੈਂ ਉਸ ਵੱਲ ਦੇਖਿਆ ਤੇ ਜਵਾਬ ਦਿੱਤਾ। “ਅੱਛਾ, ਪਰ ਸਾਨੂੰ ਤਾਂ ਆਂਗਣਵਾੜੀ ਭੈਣ ਜੀ ਨੇ ਕਿਹਾ ਕਿ ਤੂੰ ਡਾਕਟਰਨੀ ਹੈਂ। ਅਸੀਂ ਤਾਂ ਜੁਆਕ ਦਾ ਮੁਫ਼ਤ ਅਲਾਜ (ਇਲਾਜ) ਕਰਾਉਣਾ।” ਬੇਬੇ ਕੁਝ ਲੀਡਰਾਂ ਵਰਗੀ ਸੋਚ ਵਾਲੀ ਹੀ ਲੱਗੀ ਮੈਨੂੰ। “ਤੁਸੀਂ ਬੱਚੇ ਦੇ ਦਾਦੀ ਹੋ?” ਤਾਂ ਉਹ ਕੁਝ ਖਿਝ ਗਈ ਤੇ ਉਸ ਨੇ ਆਪਣੇ ਨਾਲ ਖੜ੍ਹੀ 50 ਕੁ ਸਾਲ ਦੀ ਇੱਕ ਔਰਤ ਵੱਲ ਇਸ਼ਾਰਾ ਕਰਦਿਆਂ ਕਿਹਾ, “ਨਾ ਕੁੜੀਏ! ਇਹ ਤਾਂ ਸਾਡੇ ਘਰ ਗੋਹੇ ਕੂੜੇ ਦਾ ਕੰਮ ਕਰਦੀ ਹੈ। ਮੈਨੂੰ ਇਨ੍ਹਾਂ ਮਾੜੇ ਧੀੜੇ 'ਤੇ ਤਰਸ ਆ ਗਿਆ ਤੇ ਮੈਂ ਤਾਂ ਇਨ੍ਹਾਂ ਦੇ ਨਾਲ ਆਈ ਹਾਂ। ਇਨ੍ਹਾਂ ਗਰੀਬੜਿਆਂ ਨੂੰ ਕੌਣ ਪੁੱਛਦੈ।” ਮੈਨੂੰ ਬੇਬੇ ਦੀਆਂ ਗੱਲਾਂ ਵਿੱਚੋਂ ਹੰਕਾਰ ਦੀ ਬੂ ਆ ਰਹੀ ਸੀ। ਮੈਂ ਪਿਆਰ ਨਾਲ ਕਿਹਾ, “ਇਸ ਬੱਚੇ ਦੀ ਮਾਂ ਕੌਣ ਹੈ?” ਬੇਬੇ ਨੇ ਬੋਲਣਾ ਚਾਹਿਆ ਤਾਂ ਮੈਂ ਹੱਥ ਦੇ ਇਸ਼ਾਰੇ ਨਾਲ ਉਸ ਨੂੰ ਰੋਕ ਦਿੱਤਾ ਤੇ ਨਾਲ ਖੜ੍ਹੀ ਔਰਤ ਨੂੰ ਪੁੱਛਿਆ, “ਹਾਂ ਜੀ ਬੇਬੇ, ਤੁਸੀਂ ਬੱਚੇ ਦੇ ਦਾਦੀ ਹੋ?” ਔਰਤ ਨੇ ਕੁਝ ਝਿਜਕਦੇ ਜਿਹੇ ਕਿਹਾ, “ਹਾਂ ਜੀ।” ਉਸ ਨੇ ਆਪਣੇ ਨਾਲ ਖੜ੍ਹੀ 35 ਕੁ ਸਾਲਾਂ ਦੀ ਔਰਤ ਦੇ ਮੋਢੇ 'ਤੇ ਹੱਥ ਧਰ ਕੇ ਕਿਹਾ, “ਆਹ ਇਹਦੀ ਵੱਡੀ ਬੀਬੀ।” ਕੁੜੀ, ਜੋ ਹਾਲੇ ਤਕ ਵੀ ਅਡੋਲ ਜਿਹੀ ਖੜ੍ਹੀ ਸੀ, ਦੀ ਬਾਂਹ ਖਿੱਚ ਕੇ ਮੂਹਰੇ ਕਰ ਲਿਆ ਤੇ ਕਿਹਾ, “ਆਹ ਇਹਦੀ ਮਾਂ। ਇਹ ਤਾਂ ਸਿੱਧਰੀ ਹੈ ਜੀ।” ਮੈਂ ਬੱਚੇ ਦੀ ਮਾਂ ਅਤੇ ਦਾਦੀ ਨੂੰ ਕਮਰੇ ਵਿੱਚ ਰੁਕਣ ਤੇ ਬਾਕੀ ਦੋਵਾਂ ਔਰਤਾਂ ਨੂੰ ਬਾਹਰ ਖੜ੍ਹਨ ਲਈ ਕਿਹਾ ਤਾਂ ਕੁਰਸੀ 'ਤੇ ਬੈਠੀ ਬੇਬੇ ਨੂੰ ਕੁਝ ਬੁਰਾ ਲੱਗਿਆ ਤੇ ਉਹ ਕਾਫ਼ੀ ਔਖ ਮੰਨਦੀ ਖੜ੍ਹੀ ਹੋਈ ਤੇ ਮੇਰੇ ਵੱਲ ਮੂੰਹ ਕਰਕੇ ਬੋਲੀ, “ਕੁੜੀਏ! ਇਨ੍ਹਾਂ ਗਰੀਬੜਿਆਂ ਨੂੰ ਕੀ ਪਤਾ ਜੋ ਤੂੰ ਪੁੱਛਣੈ ਮੇਰੇ ਤੋਂ ਪੁੱਛ ਲੈਂਦੀ।” ਮੈਂ ਹੱਸਦੇ ਹੋਏ ਪਿਆਰ ਨਾਲ ਕਿਹਾ, “ਬੇਬੇ, ਮੇਰੇ ਲਈ ਕੋਈ ਅਮੀਰ ਜਾਂ ਗ਼ਰੀਬ ਨਹੀਂ। ਮੇਰੇ ਲਈ ਤੁਸੀਂ ਸਿਰਫ਼ ਮਰੀਜ਼ ਦੇ ਰਿਸ਼ਤੇਦਾਰ ਹੋ। ਨਾਲੇ ਬੇਬੇ ਕੁਝ ਗੱਲਾਂ ਸਿਰਫ਼ ਮਾਂ ਜਾਂ ਦਾਦੀ ਨੂੰ ਪਤਾ ਹੁੰਦੀਆਂ ਨੇ, ਕਿਸੇ ਹੋਰ ਨੂੰ ਨਹੀਂ।” ਮੇਰੇ ਇੰਨਾ ਕਹਿਣ ਦੀ ਦੇਰ ਸੀ ਕਿ ਉਹ ਆਪਣਾ ਤਮਤਮਾਉਂਦਾ ਚਿਹਰਾ ਲੈ ਕਮਰੇ ਤੋਂ ਬਾਹਰ ਜਾਣ ਲੱਗੀ ਤੇ ਜਾਂਦੀ ਜਾਂਦੀ ਕਹਿ ਗਈ, “ਚੰਗਾ ਜੰਗੀਰੋ, ਤੂੰ ਆਹ ਅਫਸਰਨੀ ਤੋਂ ਸਮਝ ਕੇ ਬਾਹਰ ਆ ਜਾਈਂ। ਮੈਂ ਬਾਹਰ ਬੈਂਚ 'ਤੇ ਬੈਠੀ ਆਂ।” ਮੈਂ ਹੱਸ ਪਈ। ਮੇਰੇ ਹੱਸਣ ਦੀ ਆਵਾਜ਼ ਬੇਬੇ ਦੇ ਵੀ ਕੰਨੀਂ ਪੈ ਗਈ ਸੀ ਤੇ ਕਾਹਲੀ ਨਾਲ ਕਮਰੇ ਵਿੱਚੋਂ ਬਾਹਰ ਹੋ ਗਈ। ਮੈਂ ਬੱਚੇ ਦੀ ਦਾਦੀ ਤੇ ਮਾਂ ਨੂੰ ਕੁਰਸੀ 'ਤੇ ਬੈਠਣ ਲਈ ਕਿਹਾ। ਉਹ ਦੋਵੇਂ ਝਿਜਕਦੀਆਂ ਕੁਰਸੀ 'ਤੇ ਬੈਠ ਗਈਆਂ। ਬੇਬੇ ਨੇ ਆਪਣੇ ਹੱਥ ਫੜੇ ਲਿਫ਼ਾਫ਼ੇ ਵਿੱਚੋਂ ਇੱਕ ਨਿੱਕਾ ਜਿਹਾ ਕੱਪੜਾ ਕੱਢ ਕੁੜੀ ਦੇ ਹੱਥ ਦਿੰਦਿਆਂ ਕਿਹਾ, “ਲੈ ਫੜ ਇਹਦਾ ਮੂੰਹ ਸਾਫ਼ ਕਰ ਦੇ।” ਕੁੜੀ ਨੇ ਕੱਪੜਾ ਫੜ ਬੱਚੇ ਦਾ ਮੂੰਹ ਸਾਫ਼ ਕੀਤਾ ਤੇ ਠੀਕ ਹੋ ਕੇ ਕਰਸੀ 'ਤੇ ਬੈਠ ਗਈ। ਮੈਨੂੰ ਬੱਚੇ ਦੀ ਉਮਰ ਤੇ ਬਿਮਾਰੀ ਬਾਰੇ ਪੁੱਛਣ 'ਤੇ ਪਤਾ ਲੱਗਿਆ ਕਿ ਉਹ ਨਾ ਕੁਝ ਬੋਲਦਾ ਅਤੇ ਨਾ ਹੀ ਤੁਰਦਾ ਹੈ। ਸਾਰਾ ਦਿਨ ਇਸ ਦੇ ਮੂੰਹ ਵਿੱਚੋਂ ਲਾਲਾਂ ਡਿੱਗਦੀਆਂ ਹਨ ਤੇ ਇਹਦੀ ਗਰਦਨ ਵੀ ਨਹੀਂ ਖੜ੍ਹਦੀ। ਉਨ੍ਹਾਂ ਮੈਨੂੰ ਕੋਈ ਦੋ ਕੁ ਸਾਲ ਪੁਰਾਣੀ ਦਿਮਾਗੀ ਸਕੈਨ ਦੀ ਰਿਪੋਰਟ ਤੇ ਕੁਝ ਪੀ.ਜੀ.ਆਈ. ਦੇ ਕਾਰਡ ਦਿਖਾਏ ਜਿਸ ਵਿੱਚੋਂ ਇੱਕ 'ਤੇ ਸਾਫ਼ ਲਿਖਿਆ ਸੀ ਕਿ ਬੱਚਾ ਦਿਮਾਗੀ ਤੌਰ 'ਤੇ ਕਮਜ਼ੋਰ ਸੀ। ਫਿਰ ਉਨ੍ਹਾਂ ਮੈਨੂੰ ਆਂਗਣਵਾੜੀ ਵਿੱਚੋਂ ਭਰਾ ਕੇ ਲਿਆਂਦਾ ਫਾਰਮ ਵੀ ਦਿੱਤਾ। ਮੈਂ ਫਾਰਮ ਦੀ ਜਾਂਚ ਕੀਤੀ ਤਾਂ ਉਹ ਬਿਲਕੁਲ ਸਹੀ ਸੀ। ਮੈਂ ਉਨ੍ਹਾਂ ਤੋਂ ਬੱਚੇ ਦੀਆਂ ਫੋਟੋਆਂ ਤੇ ਮਾਂ ਦੀ ਇੱਕ ਫੋਟੋ ਲਈ। ਬੇਬੇ ਨੇ ਮੈਨੂੰ ਫੋਟੋਆਂ ਦੇ ਨਾਲ ਨਾਲ ਆਧਾਰ ਕਾਰਡ ਵੀ ਫੜਾ ਦਿੱਤਾ। ਮੈਂ ਬੱਚੇ ਦੀ ਮਾਂ ਦੀ ਤਰਫੋਂ ਸਵੈ-ਘੋਸ਼ਣਾ ਪੱਤਰ ਭਰ ਕੇ ਉਸ 'ਤੇ ਉਸ ਦੀ ਫੋਟੋ ਲਗਾ ਦਿੱਤੀ। ਮੈਂ ਫਾਰਮ 'ਤੇ ਉਸ ਦੇ ਦਸਤਖਤ ਕਰਵਾਉਣ ਲਈ ਫਾਰਮ ਉਸ ਕੁੜੀ ਵੱਲ ਵਧਾ ਦਿੱਤਾ ਤੇ ਦਸਤਖਤ ਕਰਨ ਲਈ ਕਿਹਾ। ਬੇਬੇ ਨੇ ਉਸ ਦੇ ਹੱਥੋਂ ਬੱਚਾ ਫੜ ਲਿਆ। ਪਹਿਲੀ ਵਾਰ ਉਸ ਕੁੜੀ ਨੂੰ ਕੁਝ ਹੋਸ਼ ਜਿਹੀ ਆਈ ਸੀ। ਉਸ ਨੇ ਆਪਣੀ ਚੁੰਨੀ ਬੜੇ ਸੁਚੱਜੇ ਢੰਗ ਨਾਲ ਠੀਕ ਕੀਤੀ ਤੇ ਪੈੱਨ ਚੁੱਕ ਲਿਆ। ਜਿਉਂ ਹੀ ਉਸ ਨੇ ਫਾਰਮਾਂ 'ਤੇ ਆਪਣੇ ਦਸਤਖਤ ਕੀਤੇ, ਮੇਰੇ ਹੋਸ਼ ਉੱਡ ਗਏ। ਉਸ ਨੇ ਅੰਗਰੇਜ਼ੀ ਵਿੱਚ ਬੜੇ ਹੀ ਸੋਹਣੇ ਦਸਤਖਤ ਕੀਤੇ। ਉਹਦਾ ਨਾਂ ਸੀ ਸੋਨੀਆ ਰਾਣੀ। ਬੜੀ ਸੋਹਣੀ ਲਿਖਾਈ। ਮੈਂ ਬੜੀ ਸੰਵਾਰ ਕੇ ਉਸ ਦੇ ਮੂੰਹ ਵੱਲ ਤੱਕਿਆ। ਮੈਂ ਫਾਰਮ 'ਤੇ ਲਿਖੇ ਅੱਖਰਾਂ ਅਤੇ ਉਸ ਕੁੜੀ ਵੱਲ ਵਾਰ ਵਾਰ ਦੇਖ ਰਹੀ ਸੀ। ਮੈਨੂੰ ਇਸ ਤਰ੍ਹਾਂ ਕਰਦਿਆਂ ਦੇਖ ਕੇ ਬੇਬੇ ਨੇ ਉਸ ਕੁੜੀ ਵੱਲ ਕੌੜਾ ਝਾਕਦੀ ਨੇ ਪੁੱਛਿਆ, “ਜੀ ਇਹਨੇ ਕੁਝ ਗ਼ਲਤ ਦਸਤਖਤ ਕਰ'ਤੇ? ਕੀ ਕਰੀਏ ਜੀ, ਆਪਣਾ ਝੁੱਗਾ ਚੁੱਕਦਿਆਂ ਆਪਣਾ ਹੀ ਢਿੱਡ ਨੰਗਾ ਹੁੰਦੈ। ਬੜੀ ਸਿੱਧਰੀ ਹੈ। ਭੋਰਾ ਡੱਕੇ ਦੀ ਅਕਲ ਨਹੀਂ ਇਹਨੂੰ। ਨਿਰਾ ਖੋਰ ਪੱਲੇ ਪਾਤੀ ਸਾਡੇ।” ਮੈਂ ਕੁਝ ਤਲਖ਼ੀ ਵਿੱਚ ਆ ਕੇ ਕਿਹਾ, “ਬੇਬੇ, ਇਹਨੇ ਕੁਝ ਗ਼ਲਤ ਨਹੀਂ ਕੀਤਾ। ਮੈਂ ਬਸ ਫਾਰਮ ਚੈੱਕ ਕਰ ਰਹੀ ਸੀ।” ਇੰਨਾ ਸੁਣ ਕੇ ਬੇਬੇ ਕੁਝ ਸ਼ਰਮਸਾਰ ਜਿਹੀ ਹੋ ਗਈ। ਮੈਂ ਉਸ ਨੂੰ ਕਮਰੇ 'ਚੋਂ ਕੱਢਣ ਲਈ ਕਿਹਾ, “ਬੇਬੇ, ਤੁਸੀਂ ਆਹ ਫਾਰਮ ਦੀਆਂ ਫੋਟੋ ਕਾਪੀਆਂ ਕਰਵਾ ਕੇ ਸਾਹਮਣੇ ਨਵੇਂ ਹਸਪਤਾਲ ਵਿੱਚੋਂ ਪਰਚੀ ਕਟਵਾ ਲਿਆਉ। ਬੱਚੇ ਤੇ ਇਸ ਦੀ ਮਾਂ ਨੂੰ ਇੱਥੇ ਛੱਡ ਜਾਉ। ਮੈਂ ਹੋਰ ਫਾਰਮ ਭਰਨਾ ਹੈ।” ਬੇਬੇ ਨੇ ਮੇਰੇ ਤੋਂ ਫਾਰਮ ਫੜੇ ਤੇ ਆਪਣੀ ਨੂੰਹ ਨੂੰ ਘੂਰਦੀ ਬੋਲੀ, “ਠੀਕ ਢੰਗ ਨਾਲ ਸਮਝ ਕੇ ਬੈਠੀਂ।” ਬੇਬੇ ਦੇ ਜਾਣ ਤੋਂ ਬਾਅਦ ਮੈਂ ਤੁਰੰਤ ਆਪਣਾ ਹੱਥਲਾ ਕੰਮ ਛੱਡ ਉਸ ਕੁੜੀ ਵੱਲ ਟਿਕਟਿਕੀ ਲਗਾ ਕੇ ਪੁੱਛਿਆ, “ਤੁਸੀਂ ਕਿੰਨੇ ਪੜ੍ਹੇ ਹੋ? ਤੇ ਇਹ ਤੁਹਾਡਾ ਪਹਿਲਾ ਬੱਚਾ ਹੈ? ਤੁਹਾਡੀ ਉਮਰ ਕਿੰਨੀ ਹੈ?” ਮੈਂ ਇਨ੍ਹਾਂ ਸਵਾਲਾਂ ਦਾ ਜਵਾਬ ਜਾਣਨ ਲਈ ਕਾਹਲੀ ਹੋ ਗਈ ਸੀ। ਉਸ ਨੇ ਮੇਰੇ ਵੱਲ ਪਹਿਲੀ ਵਾਰ ਤੱਕਿਆ ਤੇ ਬੋਲੀ ਕੁਝ ਨਾ। ਮੈਂ ਉਸ ਨੂੰ ਪਾਣੀ ਦਾ ਗਲਾਸ ਪੀਣ ਲਈ ਦਿੱਤਾ। ਉਸ ਨੇ ਝਿਜਕਦੇ ਜਿਹੇ ਗਲਾਸ ਫੜ ਕੇ ਪਾਣੀ ਪੀ ਲਿਆ ਤੇ ਬਾਕੀ ਆਪਣੇ ਗੋਦੀ ਚੁੱਕੇ ਬੱਚੇ ਨੂੰ ਪਿਆ ਦਿੱਤਾ। “ਮੈਡਮ ਜੀ, ਮੈਂ ਬੀ.ਏ. ਫਸਟ ਡਵੀਜ਼ਨ ਪਾਸ ਹਾਂ। ਇਹ ਮੇਰਾ ਬੱਚਾ ਨਹੀਂ।” ਇੰਨਾ ਕਹਿ ਕੇ ਉਹ ਚੁੱਪ ਕਰ ਗਈ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਡਿਗਰੀ ਹੋਲਡਰ ਤੇ ਇਹ ਹਾਲਤ! ਮੇਰਾ ਸਿਰ ਸੱਚਮੁੱਚ ਚਕਰਾ ਰਿਹਾ ਸੀ। ਮੈਂ ਉਸ ਨੂੰ ਪੁੱਛਿਆ, “ਇਹ ਤੁਹਾਡਾ ਬੱਚਾ ਨਹੀਂ! ਤੇ ਤੁਹਾਨੂੰ ਇਹ ਸਿੱਧਰੀ ਕਿਉਂ ਕਹਿ ਰਹੇ ਨੇ? ਆਖ਼ਿਰ ਤੁਹਾਡੀ ਇਹ ਹਾਲਤ ਕਿਵੇਂ ਹੋਈ?” ਉਸ ਨੇ ਮੇਰੇ ਵੱਲ ਬੜੇ ਹੀ ਗਹੁ ਨਾਲ ਦੇਖਿਆ ਤੇ ਫਿਰ ਕਮਰੇ ਵਿੱਚ ਹਰ ਇੱਕ ਚੀਜ਼ ਨੂੰ ਦੇਖਿਆ। ਆਖ਼ਿਰ ਉਸ ਦੀ ਨਜ਼ਰ ਆਪਣੀ ਗੋਦੀ ਸੁੱਤੇ ਪਏ ਬੱਚੇ 'ਤੇ ਪਈ। ਉਹ ਅਜੀਬ ਜਿਹੇ ਢੰਗ ਨਾਲ ਮੁਸਕਰਾਈ। ਮੈਨੂੰ ਲੱਗਿਆ ਕਿ ਸ਼ਾਇਦ ਉਹ ਰੋ ਪਵੇਗੀ, ਪਰ ਉਸ ਦੀਆਂ ਅੱਖਾਂ ਵਿੱਚ ਜਿਵੇਂ ਪਾਣੀ ਹੀ ਸੁੱਕਿਆ ਹੋਇਆ ਸੀ। ਉਸ ਨੇ ਕੁਝ ਸੰਭਾਲਦੇ ਹੋਏ ਮੇਰੇ ਵੱਲ ਵੇਖਿਆ ਤੇ ਕਹਿਣਾ ਸ਼ੁਰੂ ਕੀਤਾ, “ਮੈਡਮ ਜੀ, ਮੇਰੇ ਮਾਪੇ ਵਿਚਾਰੇ ਬਹੁਤ ਗ਼ਰੀਬ ਸੀ, ਪਰ ਮੈਂ ਪੜ੍ਹਨ 'ਚ ਹੁਸ਼ਿਆਰ ਸੀ। ਇਸ ਲਈ ਵਜ਼ੀਫ਼ੇ ਨਾਲ ਤੇ ਸਕੂਲ ਦੀ ਇੱਕ ਮੈਡਮ ਦੀ ਮਦਦ ਨਾਲ ਮੈਂ ਬੀ.ਏ. ਕੀਤੀ ਸੀ। ਸੋਚਿਆ ਸੀ ਕੋਈ ਨੌਕਰੀ ਮਿਲ ਗਈ ਤਾਂ ਬਾਪੂ ਬੇਬੇ ਦੀ ਗ਼ਰੀਬੀ ਦੂਰ ਕਰ ਦਿਆਂਗੀ, ਪਰ ਇਸ ਮੁਲਕ 'ਚ ਨੌਕਰੀ ਕਿੱਥੇ! ਮੇਰੇ ਛੋਟੇ ਭਰਾ ਦਾ ਐਕਸੀਡੈਂਟ ਹੋ ਗਿਆ। ਉਹਦੇ ਸਿਰ 'ਤੇ ਸੱਟ ਲੱਗੀ। ਜੋ ਕੁਝ ਵੀ ਘਰ ਸੀ ਸਭ ਉਹਦੇ ਇਲਾਜ 'ਤੇ ਲਾ ਦਿੱਤਾ, ਪਰ ਉਹਨੂੰ ਕੋਈ ਫ਼ਰਕ ਨਾ ਪਿਆ। ਡਾਕਟਰ ਰੋਜ਼ ਕੋਈ ਨਾ ਕੋਈ ਟੈਸਟ ਕਰਦੇ ਤੇ ਤਿੰਨ ਕੁ ਦਿਨਾਂ ਬਾਅਦ ਪੈਸੇ ਭਰਵਾ ਲੈਂਦੇ। ਜਿਸ ਦਿਨ ਅਸੀਂ ਪੈਸੇ ਨਾ ਭਰ ਸਕਦੇ, ਹਸਪਤਾਲ ਵਾਲੇ ਉਹਦੀ ਦਵਾਈ ਬੰਦ ਕਰ ਦਿੰਦੇ। ਬਾਪੂ ਬੇਬੇ ਨੇ ਰਿਸ਼ਤੇਦਾਰਾਂ ਤੇ ਪਿੰਡੋਂ ਮੰਗ ਮੰਗ ਇਲਾਜ ਕਰਵਾਇਆ। ਇੱਕ ਸਾਲ ਚੱਲੇ ਇਲਾਜ ਤੋਂ ਬਾਅਦ ਵੀ ਉਹ ਨਾ ਬਚ ਸਕਿਆ। ਮੇਰੇ ਮਾਪਿਆਂ ਨੂੰ ਉਸ ਦਾ ਹੀ ਦੁੱਖ ਲੈ ਬੈਠਾ। ਫਿਰ ਇੱਕ ਦਿਨ ਮੇਰੀ ਇੱਕ ਮਾਸੀ ਆਈ। ਉਹਨੇ ਇੱਕ ਰਿਸ਼ਤਾ ਦੱਸਿਆ। ਬੇਬੇ ਬਾਪੂ ਦਾ ਦਿਮਾਗ਼ ਤਾਂ ਪਹਿਲਾਂ ਹੀ ਸੁੰਨ ਸੀ। ਉਨ੍ਹਾਂ ਮਾਸੀ ਨੂੰ ਕਿਹਾ ਕਿ ਜਿਵੇਂ ਤੈਨੂੰ ਠੀਕ ਲੱਗੇ ਕਰ ਦੇ। ਸਾਡੇ ਕੋਲ ਲੈਣ ਦੇਣ ਨੂੰ ਤਾਂ ਕੁਝ ਹੈ ਨਹੀਂ। ਮਾਸੀ ਮੇਰੀ ਇੱਕ ਫੋਟੋ ਲੈ ਗਈ ਤੇ ਇੱਕ ਹਫ਼ਤੇ ਬਾਅਦ ਸਾਡੇ ਘਰ ਦੋ ਤਿੰਨ ਔਰਤਾਂ ਤੇ ਤਿੰਨ ਬੰਦੇ ਆ ਗਏ। ਮੈਨੂੰ ਮਾਸੀ ਨੇ ਦੱਸਿਆ ਕਿ ਇਹ ਤੈਨੂੰ ਸ਼ਗਨ ਕਰਨ ਆਏ ਨੇ; ਬਹੁਤਾ ਕੁਝ ਨਾ ਬੋਲੀਂ ਤੇ ਬੱਸ ਸਿੱਧਰੀ ਜਿਹੀ ਹੀ ਬਣੀ ਰਹੀਂ। ਉਦੋਂ ਮੇਰੀ ਉਮਰ ਮਹਿਜ਼ ਇੱਕੀ ਕੁ ਸਾਲ ਸੀ। ਮੈਨੂੰ ਕੁਝ ਵੀ ਸਮਝ ਨਾ ਆਇਆ ਕਿ ਕੀ ਹੋ ਰਿਹਾ ਹੈ। ਉਨ੍ਹਾਂ 'ਚ 30 ਕੁ ਸਾਲ ਦੇ ਇੱਕ ਬੰਦੇ ਨੂੰ ਮੇਰੇ ਨਾਲ ਬਿਠਾ ਦਿੱਤਾ ਤੇ ਸਾਡੇ ਦੋਵਾਂ ਨੂੰ ਪਹਿਲਾਂ ਮਾਸੀ ਤੇ ਫਿਰ ਬਾਕੀ ਆਈਆਂ ਔਰਤਾਂ ਤੇ ਮਰਦਾਂ ਨੇ ਸ਼ਗਨ ਪਾਇਆ। ਸ਼ਗਨ ਹੋਣ ਤੋਂ ਬਾਅਦ ਅਗਲੇ ਹਫ਼ਤੇ ਹੀ ਮੈਨੂੰ ਮਾਸੀ ਨੇ ਪੰਜ ਸੂਟ ਤੇ ਪੈਰਾਂ ਦੀ ਝਾਜਰਾਂ ਲਿਆ ਦਿੱਤੀਆਂ ਤੇ ਮੈਨੂੰ ਦੱਸਿਆ ਬਈ ਆਹ ਤੇਰੀ ਵਰੀ ਹੈ। ਤੂੰ ਬਸ ਕੱਲ੍ਹ ਨੂੰ ਤਿਆਰ ਹੋਣੈ, ਤੇਰਾ ਵਿਆਹ ਹੈ। ਮੇਰੇ ਪੈਰਾਂ ਹੇਠੋਂ ਜ਼ਮੀਨ ਨਿੱਕਲ ਗਈ। ਮੈਂ ਭੁੱਬੀਂ ਰੋਈ, ਪਰ ਮੇਰਾ ਰੋਣਾ ਕੌਣ ਸੁਣਦਾ! ਬਸ ਅਗਲੇ ਦਿਨ ਅੱਠ-ਦਸ ਜਣੇ ਆਏ ਤੇ ਮੈਨੂੰ ਵਿਆਹ ਕੇ ਲੈ ਆਏ। ਮੈਂ ਜਦ ਗੱਡੀ ਵਿੱਚੋਂ ਉਤਰੀ ਤਾਂ ਕੋਈ ਮੇਲ-ਗੇਲ ਨਹੀਂ ਸੀ, ਬਸ ਕੁਝ ਔਰਤਾਂ ਸਨ। ਮੇਰੀ ਸੱਸ ਮੇਰੇ ਕੋਲ ਆਈ ਤੇ ਮੇਰੀ ਮਾਸੀ ਨੂੰ ਬਾਹੋਂ ਫੜ ਲੈ ਗਈ। ਮੇਰੀ ਮਾਸੀ ਖਚਰੀ ਜਿਹੀ ਹਾਸੀ ਹੱਸਦੀ ਆਈ। ਉਸ ਦੇ ਹੱਥ ਇੱਕ ਸੂਟ ਤੇ ਕੰਬਲ ਚੁੱਕਿਆ ਹੋਇਆ ਸੀ। ਮੈਨੂੰ ਸਮਝ ਆ ਗਈ ਸੀ ਕਿ ਇਹ ਮਾਸੀ ਨੂੰ ਵਿਚੋਲਗੀ ਮਿਲੀ ਹੈ। ਮਾਸੀ ਮੇਰੇ ਕੋਲ ਬੈਠੀ ਤੇ ਮੈਨੂੰ ਕਹਿੰਦੀ, 'ਦੇਖ ਧੀਏ, ਤੇਰਾ ਹੁਣ ਇਹੀ ਘਰ ਹੈ। ਇੱਥੇ ਬਹੁਤਾ ਆਪਣੀ ਪੜ੍ਹਾਈ ਲਿਖਾਈ ਦਾ ਰੌਲਾ ਨਾ ਪਾਈਂ। ਬੱਸ ਸਿੱਧਰੀ ਜਿਹੀ ਹੀ ਰਹੀਂ। ਬਾਕੀ ਰੱਬ ਭਲੀ ਕਰੂ।' ਮਾਸੀ ਇੰਨਾ ਕਹਿ ਮੇਰਾ ਸਿਰ ਪਲੋਸ ਗਈ। ਵਿਆਹ ਤੋਂ ਦੂਜੇ ਦਿਨ ਮੈਨੂੰ ਪਤਾ ਲੱਗਿਆ ਕਿ ਮੇਰੇ ਪਤੀ ਦਾ ਇਹ ਦੂਜਾ ਵਿਆਹ ਹੈ ਤੇ ਉਸ ਦੀ ਪਹਿਲੀ ਪਤਨੀ ਆਪਣੇ ਪੰਜਵੇਂ ਬੱਚੇ ਨੂੰ ਜਨਮ ਦੇਣ ਸਾਰ ਮਰ ਗਈ। ਮੇਰੀ ਸੱਸ ਮੇਰੇ ਕੋਲ ਆਈ ਤੇ ਮੇਰੇ ਕੋਲ ਤਿੰਨ ਕੁੜੀਆਂ ਨੂੰ ਖੜ੍ਹਾ ਕਰ ਦਿੱਤਾ ਤੇ ਕਿਹਾ, 'ਇਹ ਹੁਣ ਤੇਰੀਆਂ ਕੁੜੀਆਂ।' ਨਾਲ ਹੀ ਉਸ ਨੇ ਆਪਣੀ ਗੋਦੀ ਚੁੱਕੇ ਇਸ ਜੁਆਕ ਨੂੰ ਮੇਰੀ ਗੋਦੀ ਪਾਉਂਦੇ ਕਿਹਾ, 'ਇਹ ਤੇਰਾ ਮੁੰਡਾ। ਧੀਏ, ਤੂੰ ਇਸ ਘਰ ਦੀ ਨੂੰਹ ਧੀ ਹੈਂ ਤੇ ਇਨ੍ਹਾਂ ਦੀ ਮਾਂ। ਮੈਂ ਤਾਂ ਨਦੀ ਕਿਨਾਰੇ ਰੁੱਖ ਹਾਂ। ਇਨ੍ਹਾਂ ਦਾ ਪਾਲਣ-ਪੋਸ਼ਣ ਵੀ ਤੂੰ ਹੀ ਕਰਨੈ।' ਉਸ ਦਿਨ ਹੀ ਮੈਂ ਮੇਰੀ ਸੱਸ ਨੂੰ ਸਿਆਣੀ ਲੱਗੀ ਸੀ। ਫਿਰ ਰਾਤ ਦਿਨ ਰੋਂਦੀ ਕਿ ਆਖ਼ਿਰ ਕੀ ਹੋ ਰਿਹਾ ਹੈ ਤੇ ਕਿਉਂ ਹੋ ਰਿਹਾ ਹੈ। ਇੱਕ ਦਿਨ ਮੈਂ ਬਾਹਰ ਬੈਠੀ ਕੱਪੜੇ ਧੋ ਰਹੀ ਸੀ ਕਿ ਇੱਕ ਗੁਆਂਢਣ ਆਈ ਤੇ ਬੇਬੇ ਨੂੰ ਬੋਲ ਕੇ ਕਹਿੰਦੀ, 'ਤੂੰ ਤਾਂ ਕਹਿੰਦੀ ਸੀ ਕਿ ਇਹ ਸਿੱਧਰੀ ਹੈ। ਇਹ ਤਾਂ ਮੈਨੂੰ ਸਿਆਣੀ ਲੱਗਦੀ ਹੈ।' ਮੈਨੂੰ ਇਹ ਗੱਲ ਸੁਣ ਕੇ ਪਤਾ ਲੱਗਿਆ ਕਿ ਮਾਸੀ ਨੇ ਝੂਠ ਬੋਲ ਕੇ ਮੇਰਾ ਰਿਸ਼ਤਾ ਕਰਵਾਇਆ ਕਿ ਮੈਂ ਸਿੱਧਰੀ ਹਾਂ ਤੇ ਕਦੇ ਕੁਝ ਨਹੀਂ ਕਹਾਂਗੀ। ਤੇ ਸੱਚੀਂ ਉਸ ਦਿਨ ਮੇਰਾ ਸਭ ਕੁਝ ਖ਼ਤਮ ਹੋ ਗਿਆ। ਫਿਰ ਜੇ ਮੈਂ ਕਦੇ ਕੁਝ ਬੋਲਣਾ ਚਾਹਿਆ ਤਾਂ ਮੈਨੂੰ ਇਹ ਕਹਿ ਕੇ ਚੁੱਪ ਕਰਵਾਇਆ ਗਿਆ ਕਿ 'ਤੂੰ ਤਾਂ ਸਿੱਧਰੀ ਹੈਂ ਤੇ ਸਿੱਧਰੀ ਬਣ ਕੇ ਰਹਿ। ਜ਼ਿਆਦਾ ਸਿਆਣਪ ਵਰਤਣ ਦੀ ਲੋੜ ਨਹੀਂ'।” ਇੰਨਾ ਕਹਿ ਕੇ ਉਹ ਇਕਦਮ ਸ਼ਾਂਤ ਹੋ ਗਈ। ਮੈਂ ਸੱਚਮੁੱਚ ਹੀ ਹੈਰਾਨ ਤੇ ਪਰੇਸ਼ਾਨ ਸੀ ਕਿ ਕੋਈ ਇੰਨਾ ਕਿਵੇਂ ਸਹਿ ਸਕਦਾ ਹੈ। ਮੈਂ ਹਾਲੇ ਵੀ ਉਸ ਦੇ ਮੂੰਹ ਵੱਲ ਦੇਖ ਰਹੀ ਸੀ ਕਿ ਅਚਾਨਕ ਉਹ ਬੋਲੀਂ, “ਮੇਰੇ ਵਰਗਿਆਂ ਦੀ ਗ਼ਰੀਬੀ ਦਾ ਮਾਸੀ ਵਰਗੇ ਸਵਾਰਥੀ ਲੋਕ ਲਾਭ ਉਠਾਉਂਦੇ ਨੇ ਤੇ ਮੇਰੇ ਵਰਗੀ ਨੂੰ ਮਜਬੂਰੀ ਵਿੱਚ ਸਿੱਧਰੀ ਬਣਨਾ ਪੈਂਦਾ ਹੈ।” ਮੈਂ ਸੋਚ ਰਹੀ ਸੀ ਕਿ ਆਖ਼ਿਰ ਦੋਸ਼ ਕਿਸ ਦਾ ਹੈ ਤੇ ਅਸੀਂ ਕਿਹੋ ਜਿਹੇ ਸਮਾਜ ਦਾ ਅੰਗ ਹਾਂ! ਮੈਂ ਹਾਲੇ ਸੋਚ ਹੀ ਰਹੀ ਸੀ ਕਿ ਉਸ ਦੀ ਸੱਸ ਫਾਰਮ ਤੇ ਪਰਚੀ ਲੈ ਕੇ ਅੰਦਰ ਆ ਗਈ। ਆਉਣ ਸਾਰ ਉਸ ਨੇ ਕਿਹਾ, “ਜਾ ਸਿੱਧਰੀਏ, ਬਾਹਰ ਜਾ ਕੇ ਇਹਨੂੰ ਆਹ ਲਿਫ਼ਾਫ਼ੇ 'ਚ ਰੱਖਿਆ ਫਰੂਟ ਖਵਾ ਦੇ।” ਉਸ ਦੀ ਇੰਨੀ ਗੱਲ ਸੁਣ ਕੇ ਮੇਰੇ ਵੀ ਅੱਖਾਂ ਵਿੱਚ ਪਾਣੀ ਆ ਗਿਆ ਸੀ ਤੇ ਮੈਂ ਆਪਮੁਹਾਰੇ ਕਹਿ ਬੈਠੀ, “ਬੇਬੇ, ਇਹ ਸਿੱਧਰੀ ਹੀ ਹੈ ਤਾਂ ਹੀ ਆਪਣਾ ਆਪ ਭੁਲਾ ਕੇ ਤੇਰੇ ਘਰ ਨੂੰ ਵਸਾ ਰਹੀ ਹੈ।

ਅੱਛਾ, ਪਰ ਸਾਨੂੰ ਤਾਂ ਆਂਗਣਵਾੜੀ ਭੈਣ ਜੀ ਨੇ ਕਿਹਾ ਕਿ ਤੂੰ ਡਾਕਟਰਨੀ ਹੈਂ। ਅਸੀਂ ਤਾਂ ਜੁਆਕ ਦਾ ਮੁਫ਼ਤ ਅਲਾਜ (ਇਲਾਜ) ਕਰਾਉਣਾ।” ਬੇਬੇ ਕੁਝ ਲੀਡਰਾਂ ਵਰਗੀ ਸੋਚ ਵਾਲੀ ਹੀ ਲੱਗੀ ਮੈਨੂੰ। “ਤੁਸੀਂ ਬੱਚੇ ਦੇ ਦਾਦੀ ਹੋ?” ਤਾਂ ਉਹ ਕੁਝ ਖਿਝ ਗਈ ਤੇ ਉਸ ਨੇ ਆਪਣੇ ਨਾਲ ਖੜ੍ਹੀ 50 ਕੁ ਸਾਲ ਦੀ ਇੱਕ ਔਰਤ ਵੱਲ ਇਸ਼ਾਰਾ ਕਰਦਿਆਂ ਕਿਹਾ, “ਨਾ ਕੁੜੀਏ! ਇਹ ਤਾਂ ਸਾਡੇ ਘਰ ਗੋਹੇ ਕੂੜੇ ਦਾ ਕੰਮ ਕਰਦੀ ਹੈ। ਮੈਨੂੰ ਇਨ੍ਹਾਂ ਮਾੜੇ ਧੀੜੇ 'ਤੇ ਤਰਸ ਆ ਗਿਆ ਤੇ ਮੈਂ ਤਾਂ ਇਨ੍ਹਾਂ ਦੇ ਨਾਲ ਆਈ ਹਾਂ। ਇਨ੍ਹਾਂ ਗਰੀਬੜਿਆਂ ਨੂੰ ਕੌਣ ਪੁੱਛਦੈ।” ਮੈਨੂੰ ਬੇਬੇ ਦੀਆਂ ਗੱਲਾਂ ਵਿੱਚੋਂ ਹੰਕਾਰ ਦੀ ਬੂ ਆ ਰਹੀ ਸੀ। ਮੈਂ ਪਿਆਰ ਨਾਲ ਕਿਹਾ, “ਇਸ ਬੱਚੇ ਦੀ ਮਾਂ ਕੌਣ ਹੈ?” ਬੇਬੇ ਨੇ ਬੋਲਣਾ ਚਾਹਿਆ ਤਾਂ ਮੈਂ ਹੱਥ ਦੇ ਇਸ਼ਾਰੇ ਨਾਲ ਉਸ ਨੂੰ ਰੋਕ ਦਿੱਤਾ ਤੇ ਨਾਲ ਖੜ੍ਹੀ ਔਰਤ ਨੂੰ ਪੁੱਛਿਆ, “ਹਾਂ ਜੀ ਬੇਬੇ, ਤੁਸੀਂ ਬੱਚੇ ਦੇ ਦਾਦੀ ਹੋ?” ਔਰਤ ਨੇ ਕੁਝ ਝਿਜਕਦੇ ਜਿਹੇ ਕਿਹਾ, “ਹਾਂ ਜੀ।” ਉਸ ਨੇ ਆਪਣੇ ਨਾਲ ਖੜ੍ਹੀ 35 ਕੁ ਸਾਲਾਂ ਦੀ ਔਰਤ ਦੇ ਮੋਢੇ 'ਤੇ ਹੱਥ ਧਰ ਕੇ ਕਿਹਾ, “ਆਹ ਇਹਦੀ ਵੱਡੀ ਬੀਬੀ।” ਕੁੜੀ, ਜੋ ਹਾਲੇ ਤਕ ਵੀ ਅਡੋਲ ਜਿਹੀ ਖੜ੍ਹੀ ਸੀ, ਦੀ ਬਾਂਹ ਖਿੱਚ ਕੇ ਮੂਹਰੇ ਕਰ ਲਿਆ ਤੇ ਕਿਹਾ, “ਆਹ ਇਹਦੀ ਮਾਂ। ਇਹ ਤਾਂ ਸਿੱਧਰੀ ਹੈ ਜੀ।” ਮੈਂ ਬੱਚੇ ਦੀ ਮਾਂ ਅਤੇ ਦਾਦੀ ਨੂੰ ਕਮਰੇ ਵਿੱਚ ਰੁਕਣ ਤੇ ਬਾਕੀ ਦੋਵਾਂ ਔਰਤਾਂ ਨੂੰ ਬਾਹਰ ਖੜ੍ਹਨ ਲਈ ਕਿਹਾ ਤਾਂ ਕੁਰਸੀ 'ਤੇ ਬੈਠੀ ਬੇਬੇ ਨੂੰ ਕੁਝ ਬੁਰਾ ਲੱਗਿਆ ਤੇ ਉਹ ਕਾਫ਼ੀ ਔਖ ਮੰਨਦੀ ਖੜ੍ਹੀ ਹੋਈ ਤੇ ਮੇਰੇ ਵੱਲ ਮੂੰਹ ਕਰਕੇ ਬੋਲੀ, “ਕੁੜੀਏ! ਇਨ੍ਹਾਂ ਗਰੀਬੜਿਆਂ ਨੂੰ ਕੀ ਪਤਾ ਜੋ ਤੂੰ ਪੁੱਛਣੈ ਮੇਰੇ ਤੋਂ ਪੁੱਛ ਲੈਂਦੀ।

# ਨਿੱਕੀ ਗੱਲ ਵੱਡੀ ਗੱਲ

ਸੰਤਾ ਸਿੰਘ ਬੇਚੈਨ ਹੈ। ਰਾਤ ਦਾ ਹੀ ਬੇਚੈਨ, ਸਗੋਂ ਕੱਲ੍ਹ ਸ਼ਾਮ ਦਾ ਹੀ, ਜਦੋਂ ਤੋਂ ਉਸ ਨੇ ਉਹ ਖ਼ਬਰ ਸੁਣੀ ਹੈ। ਰਾਤ ਭਰ ਉਹ ਠੀਕ ਤਰ੍ਹਾਂ ਸੌਂ ਨਹੀਂ ਸਕਿਆ, ਰਹਿ-ਰਹਿ ਉਸ ਦੀ ਨੀਂਦ ਟੁੱਟ ਜਾਂਦੀ ਰਹੀ ਹੈ। "ਇਹ ਸਹੁਰੇ ਅੱਜ-ਕੱਲ੍ਹ ਦੇ ਨਿਆਣੇ ਵੀ..." ਉਹ ਬੁੜਬੁੜਾਉਂਦਾ ਰਿਹਾ ਹੈ, ਪਰ ਉਸ ਨੂੰ ਆਪਣੀ ਨੌਂਹ ਸਵਰਨਾਂ ਤੋਂ ਇਹ ਆਸ ਨਹੀਂ ਸੀ। ਉਹ ਤਾਂ ਸਿਆਣੀ ਔਰਤ ਹੈ। ਉਹ ਕਲਪ ਉੱਠਦਾ, ਪਰ ਅਗਲੇ ਹੀ ਪਲ ਸੋਚ ਉਠਦਾ ਹੈ, ਖੌਰੇ ਉਸ ਬੇਚਾਰੀ ਦੀ ਪੇਸ਼ ਹੀ ਨਾ ਗਈ ਹੋਵੇ। ਦੋਵੇਂ ਜਵਾਕ ਐਮਏ ਪਾਸ ਨੇ, ਕੁੜੀ ਨੇ ਤਾਂ ਸਗੋਂ ਦੂਹਰੀ ਐਮਏ ਦੇ ਇਮਤਿਹਾਨ ਵੀ ਦੇ ਰੱਖੇ ਹਨ। ਖੌਰੇ ਸਵਰਨਾਂ ਬੱਚਿਆਂ ਮੂਹਰੇ ਬੇਵੱਸ ਹੋ ਕੇ ਰਹਿ ਗਈ ਹੋਵੇ। ਸਿਰ ਦੇ ਸਾਈਂ ਬਾਹਰੀ ਔਰਤ ਦਾ ਜਵਾਨ ਔਲਾਦ ਸਾਹਮਣੇ ਕਾਹਦਾ ਦਬਦਬਾ।

ਸੰਤਾ ਸਿੰਘ ਦਾ ਨਿੱਤਨੇਮ ਵਿਚ ਵੀ ਮਨ ਨਹੀਂ ਖੁਭ ਰਿਹਾ। ਬਿਰਤੀ ਉਖੜ-ਉਖੜ ਜਾ ਰਹੀ ਹੈ। ਰਾਤ ਦਾ ਹੀ ਆਪਣਾ ਛੋਟਾ ਪੁੱਤ ਧਰਮਾ ਉਸ ਨੂੰ ਰਹਿ-ਰਹਿ ਕੇ ਯਾਦ ਆ ਰਿਹਾ ਹੈ। ਯਾਦ ਆਉਂਦਾ ਹੈ ਤਾਂ ਸੰਤਾ ਸਿੰਘ ਦਾ ਹਉਕਾ ਜਿਹਾ ਨਿਕਲ ਜਾਂਦਾ ਹੈ। ਦਸ ਵਰ੍ਹੇ ਹੋ ਗਏ ਨੇ ਉਸ ਨੂੰ ਪੂਰਾ ਹੋਇਆਂ। ਕਿੰਨਾ ਜਵਾਨ ਨਿਕਲਿਆ ਸੀ। ਖੁੱਲ੍ਹੇ ਹੱਡ ਪੈਰ, ਮੂਲੇ ਵਰਗੀ ਦੇਹ। ਟਰੱਕ ਦੀ ਇਕੋ ਫੇਟ ਨੇ, ਸਭ ਖਤਮ ਕਰ ਦਿੱਤਾ ਸੀ। ਉਸ ਦਾ ਸਿਰੜ, ਉਸ ਦੀ ਲਗਨ, ਜ਼ਿੰਦਗੀ ਦੀ ਲੜਾਈ ਲੜਨ ਦੀ ਉਸ ਦੀ ਹਿੰਮਤ ਸਭ ਖਤਮ ਕਰ ਦਿੱਤਾ ਸੀ। ਸੱਚੀ ਧਰਮਾ ਕਿੰਨਾ ਸਿਰੜੀ ਸੀ, ਧੁੰਨ ਦਾ ਕਿੰਨਾ ਪੱਕਾ। ਸੰਤਾ ਸਿੰਘ ਨੂੰ ਸਭ ਯਾਦ ਹੈ। ਸਭ ਯਾਦ ਹੈ ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ। ਧਰਮੇ ਨੇ ਉਦੋਂ ਸੰਤਾ ਸਿੰਘ ਤੋਂ ਪੈਸਿਆਂ ਦੀ ਮੰਗ ਕੀਤੀ ਸੀ। ਉਹ ਸ਼ਹਿਰ ਜਾ ਕੇ ਆਪਣਾ ਕੋਈ ਕੰਮ ਤੋਰਨਾ ਚਾਹੁੰਦਾ ਸੀ। ਖੇਤੀ ਵਿਚ ਧਰਮੇ ਦਾ ਮਨ ਨਹੀਂ ਸੀ ਰਚ ਰਿਹਾ। ਉਸ ਦੀ ਇਕ ਦਲੀਲ ਇਹ ਵੀ ਸੀ ਕਿ ਦੋਵੇਂ ਵੱਡੇ ਭਰਾ ਖੇਤੀ ਕਰ ਹੀ ਤਾਂ ਰਹੇ ਨੇ, ਪਰ ਸੰਤਾ ਸਿੰਘ ਪੈਸੇ ਦੇਣ ਦੀ ਹਾਲਤ ਵਿਚ ਨਹੀਂ ਸੀ ਉਦੋਂ। ਦੋ ਕਿੱਲੇ ਜ਼ਮੀਨ ਅਜੇ ਪਿਛਲੀ ਫਸਲ ਸਮੇਂ ਤਾਂ ਖਰੀਦ ਕੇ ਹਟੇ ਸੀ। ਜਿਹੜਾ ਪੈਸਾ ਰਿਸ਼ਤੇਦਾਰੀਆਂ ਵਿਚੋਂ ਫੜਿਆ ਸੀ, ਉਹ ਉਤਰਨਾ ਬਾਕੀ ਸੀ ਅਜੇ। ਨਾਲ ਉਂਝ ਵੀ ਸੰਤਾ ਸਿੰਘ ਨੂੰ ਸ਼ਹਿਰ ਦੇ ਧੰਦੇ ਬਹੁਤਾ ਪੋਂਹਦੇ ਨਹੀਂ ਸੀ। ਨਾ ਚੱਜ ਦਾ ਖਾਣ, ਨਾ ਪੀਣ। ਬੱਸ ਕੁਫ਼ਰ ਤੋਲ ਕੇ ਮਾਇਆ 'ਕੱਠੀ ਕਰਨ ਦੀ ਤਮੰਨਾ ਵਿਚ ਘਿਰੇ ਰਹੋ। ਪਰ ਬਾਪ ਦੀਆਂ ਦਲੀਲਾਂ ਤੋਂ ਧਰਮਾ ਵੱਟ ਖਾ ਗਿਆ ਸੀ। ਦੋਵੇਂ ਜਵਾਕਾਂ ਨੂੰ ਉਂਗਲਾਂ ਲਾ ਸ਼ਹਿਰ ਜਾ ਵੜਿਆ ਸੀ। ਸੰਤਾ ਸਿੰਘ ਦੇ ਰੋਕਿਆਂ ਨਹੀਂ ਰੁਕਿਆ। ਉਸ ਵੱਲੋਂ ਖਰਚੇ ਪਾਣੀ ਲਈ ਦਿੱਤੇ ਪੈਸਿਆਂ ਨੂੰ ਹੌਲੇ ਜਿਹੇ ਮੰਜੇ ਦੀ ਬਾਹੀ ਉੱਤੇ ਰੱਖ ਕੇ ਚੁੱਪ-ਚਾਪ ਘਰੋਂ ਨਿਕਲ ਆਇਆ ਸੀ।

ਸੰਤਾ ਸਿੰਘ ਨੇ ਸੋਚਿਆ ਸੀ। ਕੁਝ ਦਿਨਾਂ ਤੱਕ ਆਪੇ ਪਰਤ ਆਏਗਾ। ਖਾਲੀ ਹੱਥ ਸ਼ਹਿਰ ਵਿਚ ਬੰਦਾ ਕਰ ਵੀ ਕੀ ਸਕਦਾ ਹੈ ? ਪਰ ਧਰਮੇ ਨੇ ਨਾ ਮੁੜਨਾ ਸੀ, ਨਾ ਹੀ ਮੁੜਿਆ। ਫਿਰ ਤਾਂ ਸੰਤਾ ਸਿੰਘ ਉਸ ਦੀ ਜੱਦੋ-ਜਹਿਦ ਬਾਰੇ ਸੁਣ ਕੇ ਹੈਰਾਨ ਹੁੰਦਾ ਰਹਿੰਦਾ। ਅੰਦਰੋਂ ਉਸ ਨੂੰ ਆਪਣੇ ਪੁੱਤ 'ਤੇ ਮਾਣ ਜਿਹਾ ਵੀ ਹੁੰਦਾ। ਕੋਈ ਇੰਨਾ ਵੀ ਸਿਰੜੀ ਕਿਵੇਂ ਹੋ ਸਕਦਾ ਹੈ ? ਕੋਈ ਜ਼ਿੰਦਗੀ ਦੀ ਲੜਾਈ ਇਸ ਤਰ੍ਹਾਂ ਵੀ ਲੜ ਸਕਦਾ ਹੈ ? ਪੰਜਾਂ ਸਾਲਾਂ ਪਿੱਛੋਂ ਧਰਮੇ ਦੇ ਪੈਰ ਟਿਕੇ ਸੀ। ਉਸ ਨੇ ਪ੍ਰਾਈਵੇਟ ਸਕੂਲ ਦੀ ਸਥਾਪਨਾ ਕੀਤੀ ਸੀ। ਕਾਲਜ ਪੜ੍ਹਦੇ ਸਮੇਂ ਦੇ ਧਰਮੇ ਦੇ ਸਾਥੀ ਕੰਮ ਆਏ ਸੀ। ਹੁੰਗਾਰਾ ਚੰਗਾ ਮਿਲ ਰਿਹਾ ਸੀ।

ਅਗਲੇ ਸਾਲ ਧਰਮਾ ਆਪਣੇ ਪਿਤਾ ਸਾਹਮਣੇ ਮੰਗ ਲਈ ਬੈਠਾ ਸੀ, "ਇਹ ਪੈਸੇ ਮੈਂ ਭੀਖ ਨਹੀਂ ਮੰਗ ਰਿਹਾ। ਬੱਸ ਸਮਝ ਲਵੋ ਮੇਰੇ ਹਿੱਸੇ ਆਉਂਦੀ ਜ਼ਮੀਨ ਦਾ ਪੰਜ ਵਰ੍ਹਿਆਂ ਦਾ ਠੇਕਾ ਮੰਗ ਰਿਹਾ ਹਾਂ।" ਸੰਤਾ ਸਿੰਘ ਨੇ ਸੁੱਖ ਦਾ ਸਾਹ ਲਿਆ ਸੀ। ਉਹ ਤਾਂ ਸਗੋਂ ਖੁਦ ਕਿਸੇ ਬਹਾਨੇ ਧਰਮੇ ਦੀ ਮਦਦ ਕਰਨੀ ਲੋਚਦਾ ਸੀ। ਉਹ ਕੁਝ ਕਹਿਣ ਹੀ ਲੱਗਿਆ ਸੀ ਕਿ ਵੱਡੇ ਮੁੰਡੇ ਦਾ ਵਿਰੋਧ ਸਾਹਮਣੇ ਉੱਭਰ ਆਇਆ।

"ਮਿਹਨਤ ਕਰਦੇ ਮਰਗੇ ਅਸੀਂ, ਤੇ ਰੋਕੜ ਭਾਲਦੈਂ ਤੂੰ। ਪਿਓ ਦੇ ਜਿਉਂਦੇ ਜੀਅ ਕਾਹਦਾ ਠੇਕਾ ?"

ਪਰ ਸੰਤਾ ਸਿੰਘ ਨੇ ਗੱਲ ਵਧਣ ਨਹੀਂ ਸੀ ਦਿੱਤੀ। ਸਵੇਰੇ ਹੀ ਆੜ੍ਹਤੀਏ ਤੋਂ ਫੜ ਕੇ ਰਕਮ ਧਰਮੇ ਦੇ ਹਵਾਲੇ ਕੀਤੀ ਸੀ। ਵੱਡੇ ਦੋਵੇਂ ਮੁੰਡੇ ਕਈ ਦਿਨ ਸੰਤਾ ਸਿੰਘ ਨਾਲ ਘੁਟੇ-ਘੁਟੇ ਰਹੇ ਸੀ, ਪਰ ਉਸ ਨੇ ਚੁੱਪ ਕਰਾ ਦਿੱਤੇ ਸੀ-ਬਥੇਰਾ ਫਿੜੀ-ਫਿੜੀ ਹੋ ਲਿਆ ਛੋਟੇ ਦਾ ਟੱਬਰ। ਹੁਣ ਭੁੱਖੇ ਮਾਰਨਾਂ ਜਵਾਕਾਂ ਨੂੰ।

"ਐ ਤਾਂ ਹਰ ਸਾਲ ਠੇਕਾ ਮੰਗੂ...।" ਵੱਡੇ ਨੇ ਵਿਸ਼ ਘੋਲੀ ਸੀ। "ਮੰਗੂ ਨ੍ਹੀਂ, ਹੱਕ ਬਣਦਾ ਉਸ ਦਾ...।" ਸੰਤਾ ਸਿੰਘ ਨੇ ਠਰੰਮੇ ਨਾਲ ਕਿਹਾ ਸੀ। "ਜੇ ਠੇਕੇ ਦਾ ਡਰ ਹੈ ਤਾਂ ਉਸ ਦੇ ਹਿੱਸੇ ਦੀ ਉਸ ਨੂੰ ਦੇ ਦਿੰਦੇ ਆਂ, ਜਿਸ ਤੋਂ ਚਾਹੇ ਵਹਾਵੇ।" ਦੋਵੇਂ ਚੁੱਪ ਕਰ ਗਏ ਸੀ, ਬਾਪੂ ਦੀ ਆਵਾਜ਼ ਦੇ ਠਰੰਮੇ ਤੋਂ ਲੱਗਦਾ ਸੀ, ਬਾਪੂ ਇੰਝ ਵੀ ਕਰ ਸਕਦੈ। ਜੇ ਸੱਚੀ ਪੰਜ-ਛੇ ਕਿੱਲੇ ਦੀ ਖੇਤੀ ਹੱਥੋਂ ਖਿਸਕ ਗਈ ਫੇਰ...?

ਫਿਰ ਹਰ ਸਾਲ ਫਸਲ ਆਈ ਤੇ ਸੰਤਾ ਸਿੰਘ ਆਪ ਸ਼ਹਿਰ ਜਾ ਕੇ ਛੋਟੇ ਨੂੰ ਬਣਦੇ ਪੈਸੇ ਦੇ ਆਉਂਦਾ ਸੀ। ਧਰਮੇ ਦਾ ਕੰਮ ਠੀਕ ਚੱਲ ਪਿਆ ਸੀ।

ਉਸ ਵੱਲੋਂ ਆਉਂਦੇ ਠੰਢੀ ਹਵਾ ਦੇ ਬੁੱਲ੍ਹੇ ਸੰਤਾ ਸਿੰਘ ਨੂੰ ਸਕੂਨ ਦਿੰਦੇ ਸੀ। ਉਦੋਂ ਹੀ ਉਹ ਬਜਰਪਾਤ ਹੋਇਆ ਸੀ। ਟਰੱਕ ਦੀ ਫੇਟ ਨਾਲ ਹੀ ਸੜਕ 'ਤੇ ਹੋਈ ਮੌਤ ਦੀ ਖ਼ਬਰ ਨੇ ਸਭ ਨੂੰ ਦਹਿਲਾ ਦਿੱਤਾ ਸੀ। ਉਸ ਦਿਨ ਪਿੰਡ ਵਿਚ ਕਿਸੇ ਦੇ ਗਲੇ ਤੋਂ ਹੇਠਾਂ ਬੁਰਕੀ ਨਹੀਂ ਸੀ ਨਿਕਲੀ। ਸਵਰਨਾਂ ਤੇ ਬੱਚੇ ਤਾਂ ਬੌਲ੍ਹੇ ਜਿਹੇ ਹੋ ਗਏ ਸੀ। ਇਹ ਉਨ੍ਹਾਂ ਨਾਲ ਕੀ ਵਾਪਰ ਗਿਆ ਸੀ। ਉਨ੍ਹਾਂ ਤਾਂ ਕਦੀ ਕਿਸੇ ਦਾ ਬੁਰਾ ਨਹੀਂ ਸੀ ਕੀਤਾ।


ਉਦੋਂ ਹੀ ਹਮਦਰਦੀਆਂ ਦੇ ਬਾਵਰੋਲੇ ਉੱਠੇ ਸੀ। ਸੰਤਾ ਸਿੰਘ ਦੇ ਦੋਵੇਂ ਵੱਡੇ ਪੁੱਤਰ ਬਹੁਤ ਕੂਲੇ ਹੋ ਗਏ ਸੀ। "ਅਸੀਂ ਸਾਭਾਂਗੇ ਧਰਮੇ ਦੇ ਟੱਬਰ ਨੂੰ। ਆਖਰ ਸਾਡਾ ਹੀ ਖ਼ੂਨ ਏ। ਪਿੰਡ ਲਿਆ ਕੇ ਪੜ੍ਹਾਵਾਂਗੇ ਜਵਾਕਾਂ ਨੂੰ, ਸਵਰਨੋ ਨੂੰ ਵੀ ਤੱਤੀ ਵਾ ਨੀ ਲੱਗਣ ਦਿਆਂਗੇ...। ਸਕੂਲ ਦਾ ਕੀ ਹੈ। ਸਕੂਲ ਕਿਸੇ ਦੇ ਵੀ ਹਵਾਲੇ ਕੀਤਾ ਜਾ ਸਕਦਾ ਹੈ। ਨਾਲੇ ਸਕੂਲ ਕੱਲੀ ਤੀਮੀਂ-ਮਾਨੀ ਦੇ ਚਲਾਉਣ ਦੇ ਵਸ ਦੀ ਗੱਲ ਵੀ ਤਾਂ ਨਹੀਂ ਹੈ।" ਪਰ ਸਵਰਨਾਂ ਨਹੀਂ ਸੀ ਮੰਨੀ। ਸਕੂਲ ਉਸ ਦੇ ਪਤੀ ਦੇ ਹੱਥੀਂ ਲਾਇਆ ਬੂਟਾ ਸੀ। ਉਸ ਦੀ ਨਿਸ਼ਾਨੀ। ਇਸ ਬੂਟੇ ਨੂੰ ਪਰਵਾਨ ਚੜ੍ਹਾਉਣ ਲਈ ਉਨ੍ਹਾਂ ਦੋਵਾਂ ਤ੍ਰਾਣ ਲਗਾ ਦਿੱਤਾ ਸੀ। ਹੁਣ ਉਹ ਇਸ ਨੂੰ ਕਿਵੇਂ ਉਖਾੜਨ ਦੇ ਦੇਵੇ। ਨਾਲੇ ਸ਼ਹਿਰ ਵਿਚ ਰਹਿਣ ਦੇ ਆਦੀ ਬੱਚੇ, ਪਿੰਡ ਦੇ ਮਾਹੌਲ ਵਿਚ ਕਿਵੇਂ ਰਮ ਸਕਣਗੇ। ਉਦੋਂ ਸੋਨੀ ਬਾਰਾਂ ਸਾਲ ਦੀ ਸੀ ਤੇ ਦੀਪਾ ਗਿਆਰਾਂ ਸਾਲ ਦਾ। ਬੱਚਿਆਂ ਦੇ ਆਪਣੀ ਇਕ ਸੋਚ ਡਿਵੈਲਪ ਹੋ ਰਹੀ ਸੀ। ਉਹ ਵੀ ਪਿੰਡ ਜਾ ਕੇ ਰਹਿਣ ਦੀ ਗੱਲ ਨਹੀਂ ਸੀ ਮੰਨੇ।

ਸਵਰਨਾਂ ਦੀ ਨਾਂਹ ਉੱਤੇ ਧਰਮੇ ਦੇ ਵੱਡੇ ਭਰਾਵਾਂ ਦੇ ਟੱਬਰ ਦੀ ਸੁਰ ਇਕਦਮ ਬਦਲ ਗਈ ਸੀ। ਉਂਝਾਂ ਦੀਆਂ ਸੂਲਾਂ ਤਿੱਖੀਆਂ ਹੋ ਗਈਆਂ ਸੀ..."ਆਹੋ ਹੁਣ ਪਿੰਡ ਕਾਹਨੂੰ ਚੰਗਾ ਲੱਗਣਾ। ਨਾਲੇ ਪਿੰਡ ਵਿਚ ਰਹਿ ਕੇ ਸ਼ਹਿਰ ਵਾਲੀ ਖੁੱਲ੍ਹ ਖੇਡ ਕਿਵੇਂ ਮਿਲੂ। ਬੱਚਿਆਂ ਦੇ ਪਿਉਆਂ ਨਾਲ ਅੱਖ-ਮਟੱਕਾ ਕਿਵੇਂ ਚੱਲੂ...?"

ਇਕ ਨਿੱਕੇ ਜਿਹੇ ਝਟਕੇ ਨੇ ਹੀ ਪਿੰਡ ਵਾਸੀਆਂ ਦੀ ਨੀਅਤ ਜਿਵੇਂ ਅਲਫ਼ ਨੰਗੀ ਕਰਕੇ ਰੱਖ ਦਿੱਤੀ ਸੀ। ਉਦੋਂ ਸੰਤਾ ਸਿੰਘ ਛੋਟੇ ਦੇ ਹੱਕ ਵਿਚ ਥਮੂਲੇ ਵਾਂਗ ਡਟ ਕੇ ਖੜ੍ਹਾ ਹੋ ਗਿਆ ਸੀ।

ਸਵਰਨਾਂ ਬੜੀ ਜਬ੍ਹੇ ਵਾਲੀ ਔਰਤ ਸਾਬਤ ਹੋਈ ਸੀ। ਉਸ ਨੇ ਸਕੂਲ ਵੀ ਕਾਮਯਾਬੀ ਦੀਆਂ ਲੀਹਾਂ 'ਤੇ ਪਾ ਲਿਆ ਸੀ ਅਤੇ ਦੋਵੇਂ ਬੱਚੇ ਵੀ। ਜਦੋਂ ਧਰਮਾ ਗੁਜ਼ਰਿਆ ਤਾਂ ਸਕੂਲ ਵਿਚ ਤਿੰਨ ਕੁ ਸੌ ਬੱਚਾ ਸੀ ਅਤੇ ਇਕ ਵੈਨ। ਵੇਖਦੇ ਹੀ ਵੇਖਦੇ ਸਕੂਲ ਕੋਲ ਇਕ ਤੋਂ ਦੋ, ਫਿਰ ਦੋ ਤੋਂ ਤਿੰਨ ਵੈਨਾਂ ਹੋ ਗਈਆਂ ਸੀ। ਚਾਰ-ਪੰਜ ਸਾਲਾਂ ਵਿਚ ਬੱਚਿਆਂ ਦੀ ਗਿਣਤੀ ਵੀ ਸਾਢੇ ਪੰਜ ਸੌ ਤੱਕ ਪਹੁੰਚੀ ਸੀ। ਬੱਚੇ ਵੀ ਮਿਹਨਤੀ ਨਿਕਲੇ ਸੀ। ਐਵੇਂ ਸਾਊ-ਸਾਊ ਜਿਹੇ ਨਹੀਂ, ਸਗੋਂ ਲਾਇਕ ਅਤੇ ਦਲੀਲ ਵਾਲੇ। ਸ਼ਹਿਰ ਗਿਆ ਅਕਸਰ ਸੰਤਾ ਸਿੰਘ ਮਹਿਸੂਸ ਕਰਦਾ ਕਿ ਅੱਜ-ਕੱਲ੍ਹ ਦੇ ਇਨ੍ਹਾਂ ਬੱਚਿਆਂ ਵਿਚ ਇੰਨੀਆਂ ਠੋਸ ਦਲੀਲਾਂ ਦੀ ਭਰਮਾਰ ਕਿੱਥੋਂ ਆ ਗਈ ਹੈ ? ਕਈ ਵਾਰ ਪੋਤੇ-ਪੋਤੀ ਦੇ ਤਰਕਾਂ ਸਾਹਮਣੇ ਸੰਤਾ ਸਿੰਘ ਨਿਰੁੱਤਰ ਜਿਹਾ ਹੋ ਕੇ ਰਹਿ ਜਾਂਦਾ। ਫਿਰ ਸੰਤਾ ਸਿੰਘ ਨੂੰ ਲੱਗਿਆ ਕਿ ਸਵਰਨਾਂ ਦੇ ਚਿਹਰੇ ਉੱਤੇ ਫਿਕਰ ਦੀਆਂ ਰੇਖਾਵਾਂ ਉਭਰਨ ਲੱਗ ਪਈਆਂ ਸਨ। ਵਾਰ-ਵਾਰ ਉਭਰ ਆਉਣ ਲੱਗੀਆਂ ਸਨ। ਸਕੂਲ ਦੀ ਸਥਿਤੀ ਕਮਜ਼ੋਰ ਪੈਣ ਲੱਗ ਪਈ ਸੀ। ਦੋ-ਤਿੰਨ ਸਾਲ ਤੋਂ ਲਗਾਤਾਰ ਵਿਦਿਆਰਥੀਆਂ ਦੀ ਗਿਣਤੀ ਘਟਣ ਲੱਗੀ ਸੀ। ਬਹੁਤ ਵਧੀਆ ਨਤੀਜਿਆਂ ਦੇ ਬਾਵਜੂਦ ਇਹ ਹੋ ਰਿਹਾ ਸੀ। ਉਸ ਦਿਨ ਘਰ ਵਿਚ ਸਾਰੇ ਜੀਅ ਹਾਜ਼ਰ ਸੀ। ਸੰਤਾ ਸਿੰਘ ਨਾਲ ਸਵਰਨਾਂ ਨੇ ਆਪਣਾ ਫ਼ਿਕਰ ਸਾਂਝਾ ਕੀਤਾ ਸੀ। ਵਿਚਾਰ-ਵਟਾਂਦਰਾ ਹੋਇਆ ਸੀ। ਹਰ ਪਿੰਡ ਖੁੱਲ੍ਹ ਰਹੇ ਪ੍ਰਾਈਵੇਟ ਸਕੂਲਾਂ ਕਾਰਨ ਇਹ ਹੋ ਰਿਹਾ ਸੀ। ਪਿੰਡ ਦੇ ਮਾਪਾ ਸੋਚਦੇ ਕਾਹਨੂੰ ਗੱਡੀ ਦੇ ਇੰਨੇ ਭਾੜੇ ਦੇਣੇ ਨੇ। ਵਿੱਦਿਆ ਦੇ ਚੰਗੇ-ਮੰਦੇ ਮਿਆਰ ਦੀ ਸਮਝ ਆਖਰ ਕਿੰਨੇ ਕੁ ਮਾਪਿਆਂ ਨੂੰ ਸੀ। ਇਹ ਸਥਿਤੀ ਉਨ੍ਹਾਂ ਦੇ ਇਕੱਲੇ ਸਕੂਲ ਦੀ ਨਹੀਂ, ਸਗੋਂ ਉਨ੍ਹਾਂ ਦੀ ਪੱਧਰ ਦੇ ਬਹੁਤੇ ਸਕੂਲਾਂ ਦੀ ਹਾਲਤ ਇਸ ਨਾਲ ਰਲਦੀ-ਜੁਲਦੀ ਸੀ। ਆਮਦਨ ਲਗਾਤਾਰ ਘੱਟ ਰਹੀ, ਪਰ ਖਰਚਿਆਂ ਨੇ ਤਾਂ ਵਧਣਾ ਹੀ ਵਧਣਾ ਸੀ। ਸੋ ਭਵਿੱਖ ਪ੍ਰਤੀ ਸਵਰਨਾਂ ਦਾ ਫ਼ਿਕਰ ਜਾਇਜ਼ ਸੀ।

ਉਦੋਂ ਹੀ ਦੀਪੇ ਨੇ ਕਿਹਾ ਸੀ, "ਦੇਖ ਲੈਣਾ ਬਾਬਾ ਜੀ, ਆਉਣ ਵਾਲੇ ਵਰ੍ਹੇ ਇਨ੍ਹਾਂ ਸਕੂਲਾਂ ਦੀ ਸਥਿਤੀ ਹੋਰ ਵੀ ਡਾਵਾਂਡੋਲ ਕਰ ਦੇਣਗੇ...।" ਫਿਰ ਰੁਕ ਕੇ ਕਿਹਾ ਸੀ, "ਅਸੀਂ ਇਸ ਵਰ੍ਹੇ ਤੋਂ ਸ਼ਾਇਦ ਗਰਲਜ਼ ਕਾਲਜ ਸ਼ੁਰੂ ਕਰੀਏ। ਮੇਰੀ ਇਕ ਕਲਾਸ ਫੈਲੋ ਦੇ ਡੈਡੀ ਨੇ ਛੇ ਕੁ ਸਾਲ ਪਹਿਲਾਂ ਸ਼ੁਰੂ ਕੀਤਾ ਸੀ। ਚੰਗਾ ਸਥਾਪਤ ਹੋ ਗਿਆ ਹੈ। ਸੋਨੀ ਦੀਦੀ ਤਾਂ ਸੰਕੈਡ ਐਮਏ ਕਰ ਰਹੇ ਨੇ। ਮੇਰੀ ਐਮਏ ਵੀ ਕਲੀਅਰ ਹੀ ਸਮਝੋ। ਬੱਸ ਅਨੁਸ਼ਾਸਨ ਪੱਖ ਵੱਲ ਵਿਸ਼ੇਸ਼ ਧਿਆਨ ਦੀ ਲੋੜ ਹੈ। ਨੇੜੇ ਹੀ ਇਕ ਇਲਾਕੇ ਦਾ ਸਰਵੇ ਕੀਤਾ ਹੈ। ਚੰਗੇ ਚਾਂਸ ਨੇ...। ਇਸ ਗੰਧਲੇ ਹੋ ਰਹੇ ਮਾਹੌਲ ਵਿਚ ਲੋਕ ਆਪਣੀਆਂ ਬੱਚੀਆਂ ਨੂੰ ਨਿਰੋਲ ਲੜਕੀਆਂ ਲਈ ਬਣੀਆਂ ਸੰਸਥਾਵਾਂ ਵਿਚ ਪੜ੍ਹਾ ਕੇ ਰਾਜ਼ੀ ਨੇ...।" ਸੰਤਾ ਸਿੰਘ ਦੀਪੇ ਦੀਆਂ ਗੱਲਾਂ ਵਿਚੋਂ ਝਲਕਦੇ ਆਤਮ-ਵਿਸ਼ਵਾਸ ਵੱਲ ਬਿਨਾਂ ਅੱਖਾਂ ਝਪਕਿਆਂ ਵੇਖ ਰਿਹਾ ਸੀ। ਪਤਾ ਨਹੀਂ ਕਿਉਂ ਉਸ ਦਾ ਮਨੀ ਰਾਮ ਕਹਿ ਰਿਹਾ ਸੀ ਕਿ ਇਹ ਬੱਚੇ ਜ਼ਰੂਰ ਕਾਮਯਾਬ ਹੋਣਗੇ।



ਤੇ ਦੀਪੇ ਹੋਰੀਂ ਸੱਚੀਂ ਕਾਮਯਾਬ ਹੋਏ। ਸੰਤਾ ਸਿੰਘ ਦਾ ਮਨ ਬਹੁਤ ਪ੍ਰਸੰਨ ਸੀ। ਪਰ...

ਪਰ ਪਿਛਲੀ ਵਾਰ ਸ਼ਹਿਰ ਆਇਆ ਸੰਤਾ ਸਿੰਘ ਬੁਰੀ ਤਰ੍ਹਾਂ ਡੋਲ ਗਿਆ ਸੀ। ਉਹ ਆਇਆ ਨਹੀਂ, ਸਗੋਂ ਸਵਰਨਾਂ ਨੇ ਵਿਸ਼ੇਸ਼ ਤੌਰ 'ਤੇ ਸੱਦਿਆ ਸੀ। ਗੱਲ ਦੀਪੇ ਨੇ ਸ਼ੁਰੂ ਕੀਤੀ, ਬਿਨਾਂ ਵੱਲ-ਵਲੇਵੇਂ ਦੇ ਸਿੱਧੀ ਸਪਾਟ-

"ਬਾਬਾ ਜੀ, ਅਸੀਂ ਆਪਣੇ ਹਿੱਸੇ ਦੀ, ਮੇਰਾ ਭਾਵ ਪਾਪਾ ਦੇ ਹਿੱਸੇ ਦੀ ਜ਼ਮੀਨ ਵੇਚਣੀ ਚਾਹੁੰਦੇ ਹਾਂ...।" "ਕ...ਕ...ਕ...ਕ...।" ਸੰਤਾ ਸਿੰਘ ਸਕਤੇ ਜਿਹੇ ਦੀ ਅਵਸਥਾ ਵਿਚ ਘਿਰ ਗਿਆ ਸੀ। ਉਸਦੇ ਮੂੰਹੋਂ ਚੱਜ ਨਾਲ 'ਕੀ' ਦੀ ਲੇਰ ਨਹੀਂ ਸੀ ਨਿਕਲ ਸਕੀ, ਬੱਸ ਜੀਭ ਥਥਲਾ ਕੇ ਰਹਿ ਗਈ ਸੀ। ਸਵਰਨਾਂ ਨੇ ਉਠ ਕੇ ਪਾਣੀ ਦਾ ਗਿਲਾਸ ਦਿੱਤਾ ਸੀ। 'ਸਾਨੂੰ ਪਤਾ ਹੈ ਬਾਬਾ ਜੀ, ਤੁਹਾਨੂੰ ਇਹ ਗੱਲ ਚੰਗੀ ਨਹੀਂ ਲੱਗੀ, ਪਰ ਜਦੋਂ ਸਾਡੀ ਮਜਬੂਰੀ ਸਮਝੋਗੇ...।

"ਚੰਗੀ...? ਤੁਸੀਂ ਇਹ ਸੋਚ ਕਿਵੇਂ ਲਿਆ...? ਧਰਤੀ ਜੱਟ ਲਈ ਮਾਂ ਹੁੰਦੀ ਹੈ ਪੁੱਤਰ...।" "ਮਾਂ ਵਾਲਾ ਸੰਕਲਪ ਹੁਣ ਕਿੱਥੇ ਬਾਬਾ ਜੀ, ਹੁਣ ਤਾਂ ਸਭ ਵਪਾਰ ਦੇ ਘੇਰੇ ਵਿਚ ਆ ਗਿਆ ਹੈ। ਨਹੀਂ ਫਿਰ ਹਰ ਸਾਲ ਠੇਕੇ 'ਤੇ ਦੇਣ ਲਈ ਵੱਧ ਪੈਸੇ ਵਾਲੇ ਵੱਲ ਝਾਕਣਾ ਕਿਉਂ ਕਰਦੇ ਹਾਂ ?"

"ਫੇਰ ਵੀ ਏਡੀ ਕਿਹੜੀ ਮਜਬੂਰੀ ਹੋਈ ਕਿ ਇੰਝ ਜ਼ਮੀਨ ਵੇਚਣ ਦੀ ਗੱਲ...।"

"ਦੇਖੋ ਬਾਬਾ ਜੀ, ਮੇਰੀ ਗੱਲ ਨੂੰ ਥੋੜ੍ਹਾ ਜਿਹਾ ਪ੍ਰੈਕਟੀਕਲ ਨਜ਼ਰ ਨਾਲ ਸਮਝੋ। ਕਾਲਜ ਚੰਗਾ ਚੱਲ ਗਿਆ ਹੈ। ਕਿਰਾਏ ਵਾਲੀ ਜਗ੍ਹਾ ਬਹੁਤ ਘੱਟ ਹੈ। ਇਸ ਸਮੇਂ ਆਪਣੀ ਜਗ੍ਹਾ ਦੀ ਫੌਰੀ ਲੋੜ ਹੈ। ਕਸਬੇ ਦੇ ਨੇੜੇ ਹੀ ਸੜਕ ਲਾਗੇ ਚਾਰ-ਪੰਜ ਕਿੱਲੇ ਦਾ ਟੱਕ ਮਿਲ ਰਿਹਾ ਹੈ। ਮਿਲ ਵੀ ਖੇਤੀ ਵਾਲੀ ਜ਼ਮੀਨ ਦੇ ਭਾਅ ਰਿਹਾ ਹੈ। ਅੱਧਾ ਏਕੜ ਕਾਲਜ ਲਈ ਵਰਤਾਂਗੇ। ਬਾਕੀ ਜ਼ਮੀਨ ਖੇਤੀ ਲਈ ਕਿਸੇ ਨੂੰ ਦੇ ਛੱਡਾਂਗੇ। ਵਧੀਆ ਟੱਕ ਹੈ, ਵਿਚ ਮੋਟਰ ਲੱਗੀ ਹੋਈ ਹੈ। ਛੇਤੀ ਹੀ ਉਥੇ ਕਾਲਜ ਕੰਪਲੈਕਸ ਲਈ ਥਾਂ ਦਾ ਬੋਰਡ ਗੱਡਣਾ ਚਾਹੁੰਦੇ ਹਾਂ। ਇਸ ਤਰ੍ਹਾਂ ਲੋਕਾਂ ਦਾ ਵਿਸ਼ਵਾਸ ਵਧਦਾ ਹੈ...।"

"ਭਾਅ ਕੀ ਹੈ...?"

"ਪੰਜ ਲੱਖ ਰੁਪਏ ਏਕੜ ਦਾ...। ਚਾਰ ਦਾ ਭਾਅ ਆਪਣੇ ਵੀ ਹੈ...।"

ਸੰਤਾ ਸਿੰਘ ਨੂੰ ਲੱਗਿਆ ਬੱਚਿਆਂ ਦੀ ਲੋੜ ਦਰੁਸਤ ਹੈ। ਉਸ ਅੰਦਰਲਾ ਵਿਰੋਧ ਕਮਜ਼ੋਰ ਹੋ ਰਿਹਾ ਸੀ। ਪਰ ਫੇਰ ਵੀ ਇਹ ਕੀ ਸੀ, ਜੋ ਉਸ ਦੇ ਅੰਦਰ ਨੂੰ ਕਚੋਟ ਰਿਹਾ ਸੀ ? ਇਹ ਹੌਲ ਜਿਹਾ ਕਾਹਦਾ ਸੀ।

ਪਿੰਡ ਆ ਕੇ ਵੀ ਸੰਤਾ ਸਿੰਘ ਬੇਚੈਨ ਰਿਹਾ ਸੀ, ਪਰ ਨਾਲ ਹੀ ਉਸ ਨੂੰ ਧਰਮੇ ਦੇ ਟੱਬਰ 'ਤੇ ਮੋਹ ਜਿਹਾ ਵੀ ਉਮੜ੍ਹ ਪਿਆ ਸੀ। ਸੰਤਾ ਸਿੰਘ ਨੇ ਉਨ੍ਹਾਂ ਦੇ ਹਿੱਸੇ ਦੀ ਸਾਢੇ ਪੰਜ ਕਿੱਲੇ ਤਾਂ ਕਦੋਂ ਦੀ ਉਨ੍ਹਾਂ ਦੇ ਨਾਂ ਕਰਵਾਈ ਹੋਈ ਸੀ। ਕਰਵਾਈ ਵੀ ਵੱਡਿਆਂ ਦੀ ਬਦਨੀਤੀ ਨੂੰ ਵੇਖ-ਪਰਖ ਕੇ ਸੀ। ਬੰਦੇ ਦੇ ਸਾਹਾਂ ਦਾ ਕੀ ਭਰੋਸਾ। ਪਿੱਛੋਂ ਵੱਡਿਆਂ ਨੇ ਖੌਰੇ ਜਵਾਕਾਂ ਦੇ ਪੈਰ ਲੱਗਣ ਦੇਣੇ ਸਨ ਜਾਂ ਨਹੀਂ। ਹੁਣ ਜੇ ਉਹ ਚਾਹੁੰਦੇ ਤਾਂ ਖੁਦ ਹੀ ਕਿਸੇ ਨਾਲ ਸੌਦਾ ਕਰ ਸਕਦੇ ਸੀ, ਪਰ ਉਨ੍ਹਾਂ ਨੇ ਸੰਤਾ ਸਿੰਘ ਦਾ ਪੂਰਾ ਮਾਣ ਰੱਖਿਆ ਸੀ। ਫਿਰ ਸੰਤਾ ਸਿੰਘ ਕਈ ਭੰਨਾਂ ਘੜਤਾਂ ਕਰਦਾ ਰਿਹਾ ਸੀ। ਅਖੀਰ ਉਸ ਨੇ 'ਬੱਟਿਆਂ' ਕਿਆਂ ਨਾਲ ਗੱਲ ਮੁਕਾਈ ਸੀ। ਬੱਟਿਆਂ ਦੇ ਕਈ ਸਾਲਾਂ ਤੋਂ ਧਰਮੇ ਅਤੇ ਸੰਤਾ ਸਿੰਘ ਦੇ ਹਿੱਸੇ ਦੀ ਜ਼ਮੀਨ ਚਾਹੁੰਦੇ ਆ ਰਹੇ ਸੀ। ਉਂਝ ਵੀ ਬੀਬਾ ਟੱਬਰ ਸੀ, ਉਨ੍ਹਾਂ ਦੇ ਵੇਟ ਵਾਲੀ ਜ਼ਮੀਨ ਦਾ ਸੌਦਾ ਹੋ ਗਿਆ ਸੀ। ਉਧਰੋਂ ਪੈਸਾ ਫੜਨਗੇ, ਇੱਧਰ ਦੇ ਦੇਣਗੇ। ਬੱਟਿਆਂ ਦਾ ਲਾਣੇਦਾਰ 'ਭਗਤਾ' ਵੀਹ ਹਜ਼ਾਰ ਰੁਪਏ ਬਿਆਨੇ ਦੇ ਰੂਪ ਵਿਚ ਸੰਤਾ ਸਿੰਘ ਨੂੰ ਅੰਦਰ ਵੜ ਕੇ ਫੜਾ ਗਿਆ ਸੀ। ਤਿੰਨ ਮਹੀਨੇ ਦਾ ਵਕਤ ਲੈ ਲਿਆ ਸੀ। ਵੇਟ ਵਾਲੀ ਜ਼ਮੀਨ ਦੇ ਪੈਸੇ ਢਾਈ ਕੁ ਮਹੀਨੇ ਤੱਕ ਮਿਲ ਜਾਣੇ ਸਨ। ਲਿਖਾ-ਪੜ੍ਹੀ ਦੀ ਦੋਵਾਂ ਧਿਰਾਂ ਨੇ ਲੋੜ ਹੀ ਨਹੀਂ ਸਮਝੀ ਸੀ। ਵਿਸ਼ਵਾਸ ਕਰਨ ਵਾਲੇ ਬੰਦੇ ਸਨ। ਉਂਝ ਵੀ ਸੰਤਾ ਸਿੰਘ ਦੀ ਭਗਤੇ ਨਾਲ ਚਿਰਾਂ ਦੀ ਚੋਖੀ ਸਾਂਝ ਸੀ। ਸੰਤਾ ਸਿੰਘ ਨੇ ਉਹ ਪੈਸੇ ਸਵਰਨਾਂ ਦੀ ਝੋਲੀ ਲਿਆ ਪਾਏ ਸੀ। ਦੀਪੇ ਹੋਰਾਂ ਇਸੇ ਆਸਰੇ ਅੱਗੇ ਸੌਦਾ ਟਿਕਾ ਲਿਆ ਸੀ। ਢਾਈ ਕੁ ਮਹੀਨੇ ਪਿੱਛੋਂ ਭਗਤਾ ਨਿਮੋਝੂਣਾ ਜਿਹਾ, ਸੰਤਾ ਸਿੰਘ ਕੋਲ ਆ ਬੈਠਾ ਸੀ, "ਵੀਰਿਆ ਬਟੇ ਵਾਲੇ ਪੈਸੇ ਤਾਂ ਮਹੀਨੇ ਲੇਟ ਮਿਲਣਗੇ। ਉਨ੍ਹਾਂ ਦੇ ਜਵਾਨ ਮੁੰਡੇ ਦੀ ਮੌਤ ਹੋ ਗਈ ਸੱਪ ਲੜ ਕੇ। ਤੁਸੀਂ ਚਾਹੋ ਤਾਂ ਭਾਵੇਂ ਸੌਦਾ ਹੋਰ ਕਿਤੇ...ਮੇਰੇ ਕੋਲੋਂ ਵਾਅਦੇ 'ਤੇ ਪੂਰਾ ਨਹੀਂ ਉਤਰਿਆ ਜਾਣਾ। ਜੇ ਚਾਹੋ ਤਾਂ ਭਾਵੇਂ ਵੀਹ ਹਜ਼ਾਰ ਵੀ ਨਾ...।"

ਸੰਤਾ ਸਿੰਘ ਨੇ ਮਿੱਠੀ ਜਿਹੀ ਘੁਰਕੀ ਨਾਲ ਗੱਲ ਵਿਚੋਂ ਕੱਟ ਦਿੱਤੀ ਸੀ, "ਹੱਦ ਕਰਦਾਂ ਭਗਤਿਆ...ਮਹੀਨਾ ਲੇਟ ਹੋਣ ਨਾਲ ਕਿਹੜਾ ਪਰਲੋ ਆਜੂਗੀ। ਨਾਲੇ ਵੀਹ ਹਜ਼ਾਰ ਨਾ ਦੇਣ ਵਾਲੀ ਤੂੰ ਆ ਕੀ ਗੱਲ ਕਰਤੀ...।"

ਤੇ ਸੰਤਾ ਸਿੰਘ ਨੇ ਭਗਤੇ ਨੂੰ ਹੌਸਲਾ ਦੇ ਕੇ ਮੋੜ ਦਿੱਤਾ ਸੀ। ਪੈਸੇ ਮਹੀਨਾ ਦੇਰ ਨਾਲ ਮਿਲਣ ਦੀ ਗੱਲ ਉਹ ਸਵਰਨਾਂ ਨੂੰ ਦੱਸ ਆਇਆ ਸੀ।

ਪਰ ਉਨ੍ਹਾਂ ਨੇ ਆਹ ਕੀ ਕੀਤਾ ਸੀ। ਅਜੇ ਤਾਂ ਤਿੰਨ ਮਹੀਨੇ ਵੀ ਨਹੀਂ ਸੀ ਹੋਏ। ਉਨ੍ਹਾਂ ਨੇ ਇਹ ਕੀ ਵਾਅਦਾ- ਖ਼ਿਲਾਫ਼ੀ ਕਰ ਦਿੱਤੀ ਸੀ। ਇਸ ਤਰ੍ਹਾਂ ਕਿਸੇ ਹੋਰ ਨਾਲ ਜ਼ਮੀਨ ਦਾ ਸੌਦਾ। ਸੰਤਾ ਸਿੰਘ ਦੀ ਭਗਤੇ ਮੂਹਰੇ ਕੀ ਇੱਜ਼ਤ ਰਹੂਗੀ ? ਪਿੰਡ ਵਿਚ ਉਹ ਸਿਰ ਚੁੱਕ ਕੇ ਕਿਵੇਂ ਨਿਕਲੂਗਾ ? ਇਹ ਕੋਹੜੀਆਂ ਨੇ ਕਾਹਤੋਂ ਕੀਤਾ ? ਨਾਲੇ ਫੈਕਟਰੀ ਲਗਾਉਣ ਲਈ ਜ਼ਮੀਨ ਦੇਣ ਦਾ ਕੀ ਮਤਲਬ, ਬਈ ਭਲਿਓ ਮਾਣਸੋ ਜ਼ਮੀਨ ਮਾਂ ਹੈ ਸਾਡੀ। ਅੰਨ ਦਿੰਦੀ ਹੈ, ਜੀਵਨ ਦਾਨ ਦਿੰਦੀ ਹੈ ਤੇ ਨਾਲੇ ਇਹ ਵਾਅਦਾ -ਖ਼ਿਲਾਫ਼ੀ ? ਸੰਤਾ ਸਿੰਘ ਨੇ ਗੁਟਕਾ ਇਕ ਪਾਸੇ ਰੱਖ ਦਿੱਤਾ ਹੈ। ਉਸ ਨੂੰ ਅਚਾਨਕ ਬਾਪੂ ਦੀ ਯਾਦ ਆ ਗਈ ਹੈ। ਬਲਦ ਵੇਚਣ ਵਾਲੀ ਗੱਲ ਯਾਦ ਆ ਗਈ ਹੈ। ਨਿੱਕਾ ਜਿਹਾ ਹੁੰਦਾ ਸੀ ਉਦੋਂ ਸੰਤਾ ਸਿੰਘ। ਘਲਾੜੀ ਉੱਤੇ ਉਹ ਬਾਪੂ ਦੀ ਰੋਟੀ ਫੜਾਉਣ ਗਿਆ ਸੀ। ਅੱਗੋਂ ਲਾਂਭੇ ਦੇ ਪਿੰਡ ਦਾ ਕੋਈ ਬੰਦਾ ਬਾਪੂ ਨਾਲ ਬਲਦਾਂ ਦਾ ਸੌਦਾ ਕਰਕੇ ਹਟਿਆ ਸੀ। "ਲੈ ਬਈ ਲਾਣੇਦਾਰਾ, ਪੰਦਰਾਂ ਦਿਨਾਂ ਤੱਕ ਲੈ ਕੇ ਜਾਊਂ ਬਲਦਾਂ ਦੀ ਜੋੜੀ। ਸਾਈ ਲਈ ਦੇਣ ਲਈ ਮੇਰੇ ਕੋਲ ਅੱਜ ਕੁਝ ਨੀ। ਕੁੜੀ ਕੋਲੋਂ ਆਇਆਂ। ਜਿਹੜਾ ਛਿੱਲੜ ਕੋਲ ਸੀ ਉਸ ਨੂੰ ਦੇ ਆਇਆਂ। ਫੇਰ ਵੀ ਤੂੰ ਸਾਈ ਵੱਲੋਂ, ਆਹ ਫੜ...।" ਫਿਰ ਉਸ ਨੇ ਮੁੱਛ ਦਾ ਵਾਲ ਪੁੱਟ ਕੇ ਬਾਪੂ ਦੇ ਹੱਥ 'ਤੇ ਰੱਖ ਦਿੱਤਾ ਸੀ। ਬਾਪੂ ਨੇ ਬਾਲ ਮੱਥੇ ਨਾਲ ਛੁਹਾ ਕੇ ਜੇਬ ਵਿਚ ਰੱਖ ਲਿਆ ਸੀ। ਉਹ ਦੋ ਮਹੀਨੇ ਬਲਦ ਨਹੀਂ ਸੀ ਲੈਣ ਆ ਸਕਿਆ। ਇਸ ਦੌਰਾਨ ਦੋ-ਤਿੰਨ ਹੋਰ ਗਾਹਕ ਵੀ ਆਏ, ਪਰ ਬਾਪੂ ਨੇ ਕਿਸੇ ਦੀ ਗੱਲ ਨਾ ਸੁਣੀ, "ਆਖਰ ਭਲਾ ਮਾਣਸ ਮੁੱਛ ਦਾ ਵਾਲ ਸਾਈ ਦੇ ਕੇ ਗਿਆ ਹੈ। ਕੋਈ ਕੰਮ ਪੈ ਗਿਆ ਹੋਣੈ। ਇੰਝ ਮੈਂ ਵਾਅਦਾ-ਖ਼ਿਲਾਫ਼ੀ ਕਿਵੇਂ ਕਰਲਾਂ ?"

ਉਹ ਤਾਂ ਮੁੱਛ ਦਾ ਵਾਲ ਸੀ ਤੇ ਭਗਤੇ ਨੇ ਤਾਂ ਵੀਹ ਹਜ਼ਾਰ ਰੁਪਏ ਦਿੱਤੇ ਸੀ। ਤੇ ਤਿੰਨ ਮਹੀਨੇ ਅਜੇ ਪੂਰੇ ਨਹੀਂ ਸੀ ਹੋਏ। ਸੰਤਾ ਸਿੰਘ ਦੇ ਅੰਦਰ ਹਰਖ ਦਾ ਇਕ ਗੁਬਾਰ ਉੱਠਿਆ ਅਤੇ ਉਹ ਤਿਆਰ ਹੋ ਕੇ ਸ਼ਹਿਰ ਵੱਲ ਚੱਲ ਪਿਆ ਸੀ। ਚੰਗੀ ਤਰ੍ਹਾਂ ਪੁੱਛੂੰਗਾ-ਆਹੀ ਕੁਝ ਸਿਖਾਇਆ ਪੜ੍ਹਾਈਆਂ ਨੇ ? ਸਾਰੇ ਜੀ ਘਰੇ ਨੇ। ਸਵਰਨਾਂ ਵੱਲੋਂ ਦਿੱਤਾ ਚਾਹ ਦਾ ਕੱਪ ਸੰਤਾ ਸਿੰਘ ਨੇ ਪਰ੍ਹਾਂ ਖਿਸਕਾ ਦਿੱਤਾ। ਦੀਪਾ ਕਮਰੇ ਵਿਚ ਦਾਖਲ ਹੋਇਆ ਤਾਂ ਸੰਤਾ ਸਿੰਘ ਨੂੰ ਵੇਖ ਕੇ ਚਹਿਕ ਪਿਆ, "ਬਾਬਾ ਜੀ, ਕੱਲ੍ਹ ਤੁਸੀਂ ਪਿੰਡ ਮਿਲੇ ਹੀ ਨੀ। ਖ਼ੁਸ਼ਖ਼ਬਰੀ ਦੇਣ ਗਿਆ ਸੀ। ਪੰਜ ਲੱਖ ਸੱਠ ਹਜ਼ਾਰ ਰੁਪਏ ਕਿੱਲੇ ਦੇ ਹਿਸਾਬ ਸੌਦਾ ਤਹਿ ਹੋਇਆ ਬਾਬਾ ਜੀ, ਬੱਟਿਆਂ ਕਿਆਂ ਦੇ ਸੌਦੇ ਨਾਲੋਂ ਕਿੱਲੇ ਪਿੱਛੇ ਇਕ ਲੱਖ ਸੱਠ ਹਜ਼ਾਰ ਵੱਧ। ਹੁਣ ਤਾਂ ਜਿੰਨੀ ਵੇਚਾਂਗੇ...ਉਥੇ ਓਨੀ ਹੀ ਖਰੀਦ ਸਕਾਂਗੇ।

# ਸਭ ਢੋਲ-ਢਮੱਕਾ ਮੇਰੀ ਭੂਰੀ ਖੋਹ ਕੇ !

**ਦੂਜੀ ਗੱਲ ਮੇਰੇ ਵਰਗੇ ਪੇਂਡੂ ਮੁੰਡੇ ਨੂੰ ਬਹੁਤ ਮਗਰੋਂ ਸਮਝ ਆਈ। ਮੈਂ ਸੋਚਦਾ, ਜੇ ਨਕਦ ਪੈਸੇ ਨਹੀਂ, ਬੰਦਾ ਚੀਜ਼ ਅੱਜ ਲੈਣ ਦੀ ਥਾਂ ਕੱਲ੍ਹ ਲੈ ਲਵੇ, ਕਿਉਂਕਿ ਕੱਲ੍ਹ ਹੁਧਾਰ ਦੇਣਾ ਤਾਂ ਦੁਕਾਨਦਾਰ ਨੇ ਆਪ ਲਿਖ ਕੇ ਮੰਨ ਛੱਡਿਆ ਹੈ। ਕਾਫ਼ੀ ਸਮਾਂ ਪਾ ਕੇ ਜਦੋਂ ਭਾਸ਼ਾ ਦੀਆਂ ਬਰੀਕੀਆਂ ਦੇ ਨਾਲ-ਨਾਲ ਜੀਵਨ ਦੇ ਫ਼ਲਸਫ਼ੇ ਦੀ ਵੀ ਕੁਛ ਕੁਛ ਸਮਝ ਆਉਣ ਲੱਗੀ, ਤਦ ਚਾਨਣ ਹੋਇਆ, ਬੰਦਿਆ, ਕੱਲ੍ਹ ਤਾਂ ਕਦੀ ਆਉਣਾ ਹੀ ਨਹੀਂ। ਜਦੋਂ ਕੱਲ੍ਹ ਤੇਰੇ ਕੋਲ ਪਹੁੰਚੇਗਾ, ਉਹ ਅੱਜ ਬਣ ਚੁੱਕਿਆ ਹੋਵੇਗਾ ਤੇ ਅੱਜ ਤਾਂ ਸਿਰਫ਼ ਨਕਦ ਹੀ ਚੱਲੇਗਾ। ਸ਼ਾਇਦ ਮੇਰੇ ਵਰਗੇ ਅਕਲ ਦੇ ਪੂਰਿਆਂ ਨੂੰ ਧਿਆਨ ਵਿਚ ਰੱਖ ਕੇ ਹੀ ਕਈ ਸਿਆਣੇ ਦੁਕਾਨਦਾਰ ਇਹੋ ਗੱਲ ਵਧੇਰੇ ਸਪੱਸ਼ਟ ਕਰਕੇ ਲਿਖ ਦਿੰਦੇ ਸਨ∴ਅੱਜ ਹੁਧਾਰ ਬੰਦ ਹੈ ! ਇਉਂ ਲਿਖਿਆ ਅੱਜ ਸਦਾ ਵਾਸਤੇ ਕੰਮ ਦਿੰਦਾ ਰਹਿੰਦਾ ਸੀ। ਹੁਣ ਤੁਸੀਂ ਅੰਦਾਜ਼ਾ ਲਾਉ ਕਿ ਇਸ ਸੋਚ ਤੇ ਮਾਹੌਲ ਵਿਚ ਜੰਮੇ-ਪਲੇ ਬੰਦੇ ਨੂੰ ਅਚਾਨਕ ਆਪਣੇ ਸਿਰ ਵੱਡੇ ਹੁਧਾਰ ਦਾ ਚਾਨਣ ਹੋ ਜਾਵੇ, ਉਹਦਾ ਕੀ ਬਣੇਗਾ ! ਅਖ਼ਬਾਰ ਵਿਚ ਪੜ੍ਹਿਆ, ਭਾਰਤ ਸਿਰ ਇੰਨਾ ਕਰਜ਼ਾ ਹੈ ਕਿ ਹਰ ਭਾਰਤੀ ਨਾਗਰਿਕ ਦੇ ਹਿੱਸੇ 33 ਹਜ਼ਾਰ ਰੁਪਏ ਹੁਧਾਰ ਬਣਦਾ ਹੈ। ਇਸ ਹਿਸਾਬ ਮੇਰੇ ਸਿਰ ਤਾਂ 33 ਹਜ਼ਾਰ ਸਨ ਹੀ, ਪੁੱਤ-ਧੀਆਂ ਤੇ ਅੱਗੋਂ ਉਹਨਾਂ ਦੇ ਬੱਚੇ ਮਿਲਾ ਕੇ ਮੇਰੇ ਪਰਿਵਾਰ ਸਿਰ 3 ਲੱਖ 96 ਹਜ਼ਾਰ ਬਣਦੇ ਸਨ। ਮੈਂ ਝੱਟ ਆਪਣੇ ਅਰਥ-ਸ਼ਾਸਤਰ ਦੇ ਪਰੋਫ਼ੈਸਰ ਮਿੱਤਰ ਨੂੰ ਫ਼ੋਨ ਕੀਤਾ, ਕਰਜ਼ਾ ਮੇਰੇ ਸਿਰ ਤੇ ਮੇਰੇ ਪਰਿਵਾਰ ਦੇ ਸਿਰ ਵੀ ? ਉਹ ਹੱਸਿਆ, ਹਾਂ, ਤੁਹਾਡੇ ਸਾਰਿਆਂ ਦੇ ਸਿਰ ਵੀ, ਸਾਡੇ ਸਾਰਿਆਂ ਦੇ ਸਿਰ ਵੀ ਤੇ ਹੋਰ ਹਰ ਭਾਰਤੀ ਪਰਿਵਾਰ ਦੇ ਸਿਰ ਵੀ ! ਹੋਰ ਤਾਂ ਹੋਰ, ਤੁਹਾਡੇ-ਸਾਡੇ ਘਰ ਝਾੜੂ-ਪੋਚਾ ਕਰਨ ਵਾਲੀਆਂ ਸਿਰ ਅਤੇ ਤੁਹਾਡੀ-ਸਾਡੀ ਗਲੀ ਵਿਚ ਭੀਖ ਮੰਗਣ ਵਾਲਿਆਂ ਸਿਰ ਵੀ ਆਪਣੇ ਵਾਲੇ ਹਿਸਾਬ ਹੀ ਕਰਜ਼ਾ ਹੈ। ਮੈਂ ਉਜਰ ਕੀਤਾ, ਪਰ ਕਰਜ਼ਾ ਲੈਣ ਵੇਲੇ ਸਰਕਾਰ ਨੇ ਸਾਨੂੰ ਤਾਂ ਕਦੇ ਪੁੱਛਿਆ ਹੀ ਨਹੀਂ !**

ਇਹ ਸਮਝਦੇ ਰਹੇ ਬੰਦੇ ਨੂੰ ਕਿ ਉਹ ਸਾਰੀ ਜ਼ਿੰਦਗੀ ਹੁਧਾਰ ਲੈਣ ਤੋਂ ਬਚਿਆ ਰਿਹਾ ਹੈ, ਅਚਾਨਕ ਪਤਾ ਲੱਗੇ ਕਿ ਉਸ ਸਿਰ ਹਜ਼ਾਰਾਂ-ਲੱਖਾਂ ਦਾ ਕਰਜ਼ਾ ਹੈ, ਉਹਦੀ ਹਾਲਤ ਦਾ ਅੰਦਾਜ਼ਾ ਤੁਸੀਂ ਲਾ ਹੀ ਸਕਦੇ ਹੋ। ਮੈਂ ਦੇਸ਼ ਸਿਰ ਚੜ੍ਹੇ ਅਰਬਾਂ-ਖਰਬਾਂ ਦੇ ਕਰਜ਼ੇ ਬਾਰੇ ਅਕਸਰ ਪੜ੍ਹਦਾ-ਸੁਣਦਾ ਰਿਹਾ ਸੀ, ਪਰ ਇਹ ਕਦੀ ਨਹੀਂ ਸੀ ਸੋਚਿਆ ਕਿ ਉਸ ਵਿਚ ਵੰਡਵਾਂ ਹਿੱਸਾ ਮੇਰਾ ਵੀ ਹੈ ! ਮੈਂ ਸਾਰੀ ਉਮਰ ਕਰਜ਼ਾਈ ਕਹਾਉਣ ਤੋਂ ਤਰਹਿੰਦਾ ਰਿਹਾ ਹਾਂ। ਅਸਲ ਵਿਚ ਮੇਰੇ ਬਚਪਨ ਸਮੇਂ ਸਾਡੇ ਪਿੰਡਾਂ ਵਿਚ ਕਰਜ਼ਾ ਲੈਣ ਨੂੰ ਬੜੀ ਨਮੋਸ਼ੀ ਵਾਲੀ ਗੱਲ ਸਮਝਿਆ ਜਾਂਦਾ ਸੀ। ਜੇ ਬੇਵਸੀ ਵਿਚ ਕਿਸੇ ਨੂੰ ਕਰਜ਼ਾ ਲੈਣਾ ਪੈਂਦਾ, ਉਹ ਲਿਖਤ ਉੱਤੇ ਗੂਠਾ ਲਾਉਣ ਲਈ ਤੇ ਪੈਸੇ ਕੁੜਤੇ ਦੀ ਅੰਦਰਲੀ ਜੇਬ ਵਿਚ ਪਾ ਲਿਆਉਣ ਲਈ ਬਾਣੀਏ ਦੀ ਦੁਕਾਨ ਵਿਚ ਵੇਲੇ-ਕੁਵੇਲੇ ਲੁਕ-ਛਿਪ ਕੇ ਵੜਦਾ। ਮਗਰੋਂ ਜਦੋਂ ਸ਼ਹਿਰ ਦੇ ਸਕੂਲ ਵਿਚ ਜਾਣਾ ਸ਼ੁਰੂ ਕੀਤਾ, ਜਿਸ ਦੁਕਾਨ ਉੱਤੇ ਵੀ ਕੋਈ ਕਾਪੀ, ਕਿਤਾਬ, ਕਲਮ, ਸਿਆਹੀ ਜਾਂ ਘਰ ਵਾਸਤੇ ਗੁੜ-ਚਾਹ ਲੈਣ ਜਾਣਾ, ਉਥੇ ਹੀ ਮੋਟੇ ਅੱਖਰਾਂ ਵਿਚ ਲਿਖਿਆ ਪੜ੍ਹਨਾ, "ਹੁਧਾਰ ਮੁਹੱਬਤ ਦੀ ਕੈਂਚੀ ਹੈ" ਜਾਂ "ਅੱਜ ਨਕਦ, ਕੱਲ੍ਹ ਹੁਧਾਰ !"

ਕੈਂਚੀ ਵਾਲੀ ਗੱਲ ਤਾਂ ਸੌਖਿਆਂ ਹੀ ਸਮਝ ਆ ਗਈ, ਭਾਵ ਜਿਵੇਂ ਕੈਂਚੀ ਹਰ ਚੀਜ਼ ਨੂੰ ਕੱਟ ਦਿੰਦੀ ਹੈ, ਹੁਧਾਰ ਵੀ ਕੈਂਚੀ ਬਣ ਕੇ ਦੇਣਦਾਰ ਤੇ ਲੈਣਦਾਰ ਵਿਚਲੀ ਮੁਹੱਬਤ ਨੂੰ ਕੱਟ-ਵੱਢ ਦਿੰਦਾ ਹੈ। ਦੂਜੀ ਗੱਲ ਮੇਰੇ ਵਰਗੇ ਪੇਂਡੂ ਮੁੰਡੇ ਨੂੰ ਬਹੁਤ ਮਗਰੋਂ ਸਮਝ ਆਈ। ਮੈਂ ਸੋਚਦਾ, ਜੇ ਨਕਦ ਪੈਸੇ ਨਹੀਂ, ਬੰਦਾ ਚੀਜ਼ ਅੱਜ ਲੈਣ ਦੀ ਥਾਂ ਕੱਲ੍ਹ ਲੈ ਲਵੇ, ਕਿਉਂਕਿ ਕੱਲ੍ਹ ਹੁਧਾਰ ਦੇਣਾ ਤਾਂ ਦੁਕਾਨਦਾਰ ਨੇ ਆਪ ਲਿਖ ਕੇ ਮੰਨ ਛੱਡਿਆ ਹੈ। ਕਾਫ਼ੀ ਸਮਾਂ ਪਾ ਕੇ ਜਦੋਂ ਭਾਸ਼ਾ ਦੀਆਂ ਬਰੀਕੀਆਂ ਦੇ ਨਾਲ-ਨਾਲ ਜੀਵਨ ਦੇ ਫ਼ਲਸਫ਼ੇ ਦੀ ਵੀ ਕੁਛ ਕੁਛ ਸਮਝ ਆਉਣ ਲੱਗੀ, ਤਦ ਚਾਨਣ ਹੋਇਆ, ਬੰਦਿਆ, ਕੱਲ੍ਹ ਤਾਂ ਕਦੀ ਆਉਣਾ ਹੀ ਨਹੀਂ। ਜਦੋਂ ਕੱਲ੍ਹ ਤੇਰੇ ਕੋਲ ਪਹੁੰਚੇਗਾ, ਉਹ ਅੱਜ ਬਣ ਚੁੱਕਿਆ ਹੋਵੇਗਾ ਤੇ ਅੱਜ ਤਾਂ ਸਿਰਫ਼ ਨਕਦ ਹੀ ਚੱਲੇਗਾ। ਸ਼ਾਇਦ ਮੇਰੇ ਵਰਗੇ ਅਕਲ ਦੇ ਪੂਰਿਆਂ ਨੂੰ ਧਿਆਨ ਵਿਚ ਰੱਖ ਕੇ ਹੀ ਕਈ ਸਿਆਣੇ ਦੁਕਾਨਦਾਰ ਇਹੋ ਗੱਲ ਵਧੇਰੇ ਸਪੱਸ਼ਟ ਕਰਕੇ ਲਿਖ ਦਿੰਦੇ ਸਨ∴ਅੱਜ ਹੁਧਾਰ ਬੰਦ ਹੈ ! ਇਉਂ ਲਿਖਿਆ ਅੱਜ ਸਦਾ ਵਾਸਤੇ ਕੰਮ ਦਿੰਦਾ ਰਹਿੰਦਾ ਸੀ।

ਹੁਣ ਤੁਸੀਂ ਅੰਦਾਜ਼ਾ ਲਾਉ ਕਿ ਇਸ ਸੋਚ ਤੇ ਮਾਹੌਲ ਵਿਚ ਜੰਮੇ-ਪਲੇ ਬੰਦੇ ਨੂੰ ਅਚਾਨਕ ਆਪਣੇ ਸਿਰ ਵੱਡੇ ਹੁਧਾਰ ਦਾ ਚਾਨਣ ਹੋ ਜਾਵੇ, ਉਹਦਾ ਕੀ ਬਣੇਗਾ ! ਅਖ਼ਬਾਰ ਵਿਚ ਪੜ੍ਹਿਆ, ਭਾਰਤ ਸਿਰ ਇੰਨਾ ਕਰਜ਼ਾ ਹੈ ਕਿ ਹਰ ਭਾਰਤੀ ਨਾਗਰਿਕ ਦੇ ਹਿੱਸੇ 33 ਹਜ਼ਾਰ ਰੁਪਏ ਹੁਧਾਰ ਬਣਦਾ ਹੈ। ਇਸ ਹਿਸਾਬ ਮੇਰੇ ਸਿਰ ਤਾਂ 33 ਹਜ਼ਾਰ ਸਨ ਹੀ, ਪੁੱਤ-ਧੀਆਂ ਤੇ ਅੱਗੋਂ ਉਹਨਾਂ ਦੇ ਬੱਚੇ ਮਿਲਾ ਕੇ ਮੇਰੇ ਪਰਿਵਾਰ ਸਿਰ 3 ਲੱਖ 96 ਹਜ਼ਾਰ ਬਣਦੇ ਸਨ। ਮੈਂ ਝੱਟ ਆਪਣੇ ਅਰਥ-ਸ਼ਾਸਤਰ ਦੇ ਪਰੋਫ਼ੈਸਰ ਮਿੱਤਰ ਨੂੰ ਫ਼ੋਨ ਕੀਤਾ, ਕਰਜ਼ਾ ਮੇਰੇ ਸਿਰ ਤੇ ਮੇਰੇ ਪਰਿਵਾਰ ਦੇ ਸਿਰ ਵੀ ? ਉਹ ਹੱਸਿਆ, ਹਾਂ, ਤੁਹਾਡੇ ਸਾਰਿਆਂ ਦੇ ਸਿਰ ਵੀ, ਸਾਡੇ ਸਾਰਿਆਂ ਦੇ ਸਿਰ ਵੀ ਤੇ ਹੋਰ ਹਰ ਭਾਰਤੀ ਪਰਿਵਾਰ ਦੇ ਸਿਰ ਵੀ ! ਹੋਰ ਤਾਂ ਹੋਰ, ਤੁਹਾਡੇ-ਸਾਡੇ ਘਰ ਝਾੜੂ-ਪੋਚਾ ਕਰਨ ਵਾਲੀਆਂ ਸਿਰ ਅਤੇ ਤੁਹਾਡੀ-ਸਾਡੀ ਗਲੀ ਵਿਚ ਭੀਖ ਮੰਗਣ ਵਾਲਿਆਂ ਸਿਰ ਵੀ ਆਪਣੇ ਵਾਲੇ ਹਿਸਾਬ ਹੀ ਕਰਜ਼ਾ ਹੈ। ਮੈਂ ਉਜਰ ਕੀਤਾ, ਪਰ ਕਰਜ਼ਾ ਲੈਣ ਵੇਲੇ ਸਰਕਾਰ ਨੇ ਸਾਨੂੰ ਤਾਂ ਕਦੇ ਪੁੱਛਿਆ ਹੀ ਨਹੀਂ ! ਉਹ ਫੇਰ ਹੱਸਿਆ, ਪਰ ਤਦ ਵੀ ਹਾਂ ਆਪਾਂ ਸਾਰੇ ਕਰਜ਼ਾਈ। ਕਰਜ਼ਾ ਸਰਕਾਰ ਇਸ ਕਰਕੇ ਲੈਂਦੀ ਹੈ ਤਾਂ ਜੋ ਜਨਤਾ ਨੂੰ ਮਾੜਾ-ਮੋਟਾ ਹੱਥ ਝਾੜ ਕੇ ਨੇਤਾ ਐਸ਼ ਕਰ ਸਕਣ, ਪਰ ਉਹ ਇਕ ਤਰ੍ਹਾਂ ਨਾਲ ਸਾਨੂੰ ਗਹਿਣੇ ਰੱਖ ਕੇ ਹੀ ਲਿਆ ਜਾਂਦਾ ਹੈ ! ਮੈਨੂੰ ਬੌਂਦਲਿਆ ਦੇਖ ਕੇ ਉਹ ਬੋਲਿਆ, "ਆਪਣੀ ਸਭ ਦੀ ਹਾਲਤ ਕਿਤੋਂ ਸ਼ਹਿਰ ਵਿਚ ਆ ਫਸੇ ਉਸ ਸਿੱਧੜ ਬੰਦੇ ਵਰਗੀ ਹੈ, ਜਿਸਨੂੰ ਇਕ ਚਲਾਕ ਬੰਦਾ ਚਾਹ-ਪਾਣੀ ਪਿਆਉਣ ਦਾ ਲਾਲਚ ਦੇ ਕੇ ਹਲਵਾਈ ਦੀ ਦੁਕਾਨ ਉੱਤੇ ਲੈ ਗਿਆ। ਉਹਨੂੰ ਚਾਹ-ਸਮੋਸਾ ਦੁਆ ਕੇ ਤੇ ਆਪ ਭਾਂਤ-ਭਾਂਤ ਦੀ ਮਠਿਆਈ ਦੇ ਡੱਬੇ ਭਰਵਾ ਕੇ ਉਹ ਦੁਕਾਨਦਾਰ ਨੂੰ ਕਹਿੰਦਾ, ਮੈਂ ਹੁਣੇ ਆਇਆ, ਮੇਰਾ ਰਿਸ਼ਤੇਦਾਰ ਇਥੇ ਬੈਠਾ ਚਾਹ ਪੀ ਰਿਹਾ ਹੈ, ਜੇ ਕੁਛ ਹੋਰ ਮੰਗੇ, ਦੇ ਦੇਈਂ। ਆਪ ਉਹਨੇ ਮੁੜ ਕੇ ਕਾਹਨੂੰ ਆਉਣਾ ਸੀ ! ਆਪਣੇ ਪੈਸੇ ਖਰੇ ਕਰਨ ਲਈ ਦੁਕਾਨਦਾਰ ਨੇ ਉਸ ਭੋਲੇ ਬੰਦੇ ਨੂੰ ਪਤੀਲੇ-ਕੜਾਹੀਆਂ ਮਾਂਜਣ ਲਾ ਲਿਆ। ਸਾਡੇ ਸਿਰ ਕਰਜ਼ਾ ਚਾੜ੍ਹ ਕੇ ਮਠਿਆਈਆਂ ਦੇ ਡੱਬੇ ਤਾਂ ਛੋਟੇ-ਵੱਡੇ ਨੇਤਾ ਲੈ ਜਾਂਦੇ ਹਨ, ਜੀਵਨ ਦੇ ਪਤੀਲੇ-ਕੜਾਹੀਆਂ ਮਾਂਜਣੇ ਸਾਡੇ ਹਿੱਸੇ ਆ ਜਾਂਦੇ ਹਨ !" ਮੈਂ ਪਰੇਸ਼ਾਨ ਹੋਇਆ, ਐਸ਼ ਉਡਾਉਣ ਲਈ ਕਰਜ਼ਾ ਨੇਤਾ ਲੈਣ, ਪਰ ਕੋਈ ਖ਼ਬਰਸਾਰ ਹੋਣ ਤੋਂ ਬਿਨਾਂ ਹੀ ਗਹਿਣੇ ਅਸੀਂ ਟਿਕੀਏ ! ਅਚਾਨਕ ਚੇਤਾ ਆਇਆ, ਪੰਜਾਬ ਵਿਚ ਕੁਛ ਸਮਾਂ ਪਹਿਲਾਂ ਜੋ ਝੰਜਟ ਦੋ ਬਾਦਲ ਬਨਾਮ ਇਕ ਬਾਦਲ ਬਣਿਆ ਸੀ, ਉਹਦਾ ਆਧਾਰ ਵੀ ਪੰਜਾਬ ਸਿਰ, ਭਾਵ ਪੰਜਾਬੀਆਂ ਸਿਰ, ਭਾਵ ਤੁਹਾਡੇ ਸਭਨਾਂ ਵਾਂਗ ਹੀ ਮੇਰੇ ਸਿਰ ਨੇਤਾਵਾਂ ਵੱਲੋਂ ਚੜ੍ਹਾਇਆ ਗਿਆ ਕਰਜ਼ਾ ਸੀ। ਜਦੋਂ ਤੀਜਾ ਬਾਦਲ ਪੰਜਾਬੀਆਂ ਨੂੰ ਕਰਜ਼ੇ ਦੀ ਪੰਡ ਬਾਰੇ ਜਾਗਰਿਤ ਕਰਦਾ, ਦੋਵੇਂ ਬਾਦਲ ਆਖਦੇ, ਐਵੇਂ ਰੌਲਾ ਪਾ ਕੇ ਭੋਲੇ ਲੋਕਾਂ ਨੂੰ ਡਰਾਉਂਦਾ ਹੈ, ਪੰਜਾਬ ਸਿਰ ਕੋਈ ਇੰਨਾ ਕਰਜ਼ਾ ਨਹੀਂ ਕਿ ਚਿੰਤਾ ਕਰਨੀ ਪਵੇ। ਪਰ ਜਦੋਂ ਉਹਨਾਂ ਹੀ ਦੋਵਾਂ ਬਾਦਲਾਂ ਨੇ ਪੰਜਾਬ ਦੀ ਮੰਦੀ ਹਾਲਤ ਲਈ ਕੇਂਦਰ ਨੂੰ ਜ਼ਿੰਮੇਵਾਰ ਆਖ ਕੇ ਬੁਰਾ-ਭਲਾ ਬੋਲਣ ਦਾ ਆਪਣਾ ਨਿੱਤਨੇਮ ਪੂਰਾ ਕਰਨਾ ਹੁੰਦਾ, ਉਹ ਕੇਂਦਰ ਦੇ ਵਿਤਕਰੇ ਕਾਰਨ ਨੱਕ ਤੱਕ ਕਰਜ਼ੇ ਵਿਚ ਡੁੱਬੇ ਪੰਜਾਬ ਦਾ ਰੋਣਾ ਰੋਂਦੇ। ਸੱਚ ਜਾਣਨ ਲਈ ਪਤਾ ਕੀਤਾ ਤਾਂ ਜਾਣਕਾਰੀ ਮਿਲੀ ਕਿ 31 ਮਾਰਚ 2011 ਨੂੰ ਪੰਜਾਬ ਸਿਰ ਵਿਆਜ ਸਮੇਤ 7 ਖਰਬ 51 ਅਰਬ 9 ਕਰੋੜ 49 ਲੱਖ ਕਰਜ਼ਾ ਸੀ। 2011 ਦੀ ਜਨਗਿਣਤੀ ਅਨੁਸਾਰ ਪੰਜਾਬ ਦੀ ਵਸੋਂ 2 ਕਰੋੜ 77 ਲੱਖ 4 ਹਜ਼ਾਰ 234 ਸੀ। ਇਉਂ ਹਰ ਪੰਜਾਬੀ ਦੇ ਹਿੱਸੇ 31 ਮਾਰਚ 2011 ਨੂੰ 27,111 ਰੁਪਏ 20 ਪੈਸੇ ਕਰਜ਼ਾ ਸੀ। ਉਸ ਪਿੱਛੋਂ ਲੰਘੇ ਸਾਲ ਵਿਚ ਇਹ ਵੀ ਖਾਸਾ ਵਧ ਗਿਆ ਹੋਵੇਗਾ। ਸੋ ਮੋਟੇ ਤੌਰ ਉੱਤੇ ਹਰ ਪੰਜਾਬੀ ਸਿਰ 63 ਹਜ਼ਾਰ ਰੁਪਏ ਤੋਂ ਵੱਧ ਉਹ ਕਰਜ਼ਾ ਹੈ, ਜੋ ਸਰਕਾਰਾਂ ਨੇ ਲਿਆ ਹੈ ਅਤੇ ਜਿਸਦਾ ਬਹੁਤਾ ਹਿੱਸਾ ਨੇਤਾਵਾਂ ਨੇ ਆਪਣੇ ਮੌਜ-ਮੇਲੇ ਵਾਸਤੇ ਵਰਤਿਆ ਹੈ ! ਕੁਛ ਅਰਥ-ਸ਼ਾਸਤਰੀਆਂ ਦੇ ਮੋਟੇ ਅੰਦਾਜ਼ੇ ਅਨੁਸਾਰ ਸਰਕਾਰੀ ਕੰਮ ਤਾਂ ਟੈਕਸਾਂ, ਆਦਿ ਰਾਹੀਂ ਹੁੰਦੀ ਸਰਕਾਰੀ ਆਮਦਨ ਨਾਲ ਚੱਲ ਜਾਂਦਾ ਹੈ, ਪਰ ਬਖੇੜਾ ਨੇਤਾਵਾਂ ਦੀਆਂ ਫ਼ੈਲਸੂਫ਼ੀਆਂ ਦਾ ਹੈ ਜੋ ਲੋਕਾਂ ਨੂੰ ਗਹਿਣੇ ਰੱਖ ਕੇ ਪੂਰੀਆਂ ਕੀਤੀਆਂ ਜਾਂਦੀਆਂ ਹਨ। ਜੇ ਆਮ ਬੰਦੇ ਨੂੰ ਉਹਨਾਂ ਸਾਰੀਆਂ ਮੌਜਾਂ ਦੀ ਸੂਚੀ ਪਰਾਪਤ ਹੋ ਜਾਵੇ, ਜੋ ਉਹਦੇ ਸਿਰ ਉੱਤੇ ਨੇਤਾ ਮਾਣਦੇ ਹਨ, ਉਹ ਜਾਂ ਤਾਂ ਦਿਮਾਗ਼ ਫ਼ਿਹਲ ਹੋ ਕੇ ਕਮਲਾ ਹੋ ਜਾਵੇ ਤੇ ਜਾਂ ਦਿਲ ਫ਼ਿਹਲ ਹੋ ਕੇ ਰੱਬ ਦੀ ਬੁੱਕਲ ਵਿਚ ਪਹੁੰਚ ਜਾਵੇ !

ਜੇ ਤੁਸੀਂ ਦੁਨੀਆਂ ਭਰ ਵਿਚ ਆਪਣੇ ਘਰਾਂ ਵਿਚ ਰਹਿੰਦੇ ਉਥੋਂ ਦੇ ਆਗੂਆਂ ਦੇ ਉਲਟ ਚੰਡੀਗੜ੍ਹ ਜਾਂ ਦਿੱਲੀ ਦੀਆਂ ਏਕੜਾਂ ਵਿਚ ਵਿਛੀਆਂ ਨੇਤਾਵਾਂ ਦੀਆਂ ਕੋਠੀਆਂ ਦੇਖੋਂ, ਜੇ ਆਪਣੀਆਂ ਕਾਰਾਂ ਘਰੇ ਛੱਡ ਕੇ ਲਾਲ ਬੱਤੀਆਂ ਲਿਸ਼ਕਾਉਂਦੀਆਂ ਜਾਂਦੀਆਂ ਸਰਕਾਰੀ ਕਾਰਾਂ ਦੀ ਲੰਮੀ ਲਾਮਡੋਰੀ ਦੇਖੋਂ, ਜੇ ਵੱਡਾ ਦਿੱਸਣ ਦਾ ਜਤਨ ਕਰ ਰਿਹਾ ਕੋਈ ਛੋਟਾ ਬੰਦਾ ਤੋਪੜਿਆਂ ਵਾਲੇ ਦਰਜਨਾਂ ਵਰਦੀਧਾਰੀਆਂ ਵਿਚਕਾਰ ਜਾ ਰਿਹਾ ਦੇਖੋਂ, ਜੇ ਕਿਸੇ ਨੇਤਾ ਦੇ ਪਰਿਵਾਰ ਵਿਚ ਵਿਆਹ ਸਮੇਂ ਹਜ਼ਾਰਾਂ ਬੰਦਿਆਂ ਵਾਸਤੇ ਦਰਜਨਾਂ ਪਕਵਾਨ ਪੱਕਦੇ ਦੇਖੋਂ, ਜੇ ਕਬਜ਼ੀ ਦੇ ਇਲਾਜ ਲਈ ਕਿਸੇ ਨੇਤਾ ਦੇ ਪਰਦੇਸੀ ਹਸਪਤਾਲ ਵਿਚ ਜਾਣ ਦੀ ਖ਼ਬਰ ਪੜ੍ਹੋਂ, ਜੇ ਕੋਈ ਮੰਤਰੀ ਆਪਣੇ ਲਾਡਲੇ ਅਧਿਕਾਰੀਆਂ ਤੇ ਚਮਚਿਆਂ ਦਾ ਵੱਡਾ ਪ੍ਰਤੀਨਿਧ-ਮੰਡਲ ਲੈ ਕੇ ਅਜਿਹੀਆਂ ਗੱਲਾਂ ਦੀ ਘੋਖ ਤੇ ਜਾਣਕਾਰੀ ਵਾਸਤੇ ਕਈ ਦੇਸ਼ਾਂ ਦੇ ਨਿਰੰਤਰ ਦੌਰੇ ਉੱਤੇ ਜਾਂਦਾ ਸੁਣੋਂ ਕਿ ਉਥੇ ਕਣਕ ਤੋਂ ਆਟਾ ਕਿਵੇਂ ਬਣਾਉਂਦੇ ਹਨ, ਜਾਂ ਉਥੇ ਮੱਝਾਂ-ਗਊਆਂ ਨੂੰ ਦਿਨ ਵਿਚ ਕਿੰਨੇ ਵਾਰ ਪਾਣੀ ਪਿਆਉਂਦੇ ਹਨ, ਜਾਂ ਤੁਰਨ ਲੱਗੇ ਉਥੋਂ ਦੇ ਲੋਕ ਸੱਜਾ ਪੈਰ ਪਹਿਲਾਂ ਅੱਗੇ ਕਰਦੇ ਹਨ ਕਿ ਖੱਬਾ, ਜਾਂ ਉਥੇ ਖ਼ਰਬੂਜ਼ੇ ਸਾਡੇ ਵਾਂਗ ਹੀ ਵੇਲਾਂ ਨੂੰ ਲੱਗਦੇ ਹਨ ਕਿ ਬੂਟਿਆਂ ਨੂੰ, ਜਿਨ੍ਹਾਂ ਹੇਠ ਕੋਈ ਹੋਰ ਖੇਤੀ ਕੀਤੀ ਜਾਂਦੀ ਹੋਵੇ, ਜਾਂ ਕੀ ਉਹਨਾਂ ਦੇਸ਼ਾਂ ਵਿਚ ਵੀ ਸੂਰਜ ਸਵੇਰੇ ਚੜ੍ਹਦਾ ਤੇ ਆਥਣੇ ਛਿਪਦਾ ਹੈ, ਜਾਂ ਕੀ ਉਥੋਂ ਦੇ ਮੁਰਗੀਖਾਨਿਆਂ ਦੇ ਮੁਰਗੇ ਵੀ ਆਪਣੇ ਮੁਰਗਿਆਂ ਵਾਂਗ ਹੀ ਕੁੱਕੜੂੰ-ਕੜੂੰ ਦੀ ਬਾਂਗ ਦਿੰਦੇ ਹਨ, ਵਗੈਰਾ-ਵਗੈਰਾ, ਤਦ ਸਮਝ ਜਾਉ ਕਿ ਪਹਿਲਾਂ ਹੀ ਤੁਹਾਡੇ ਸਮੇਤ ਹਰ ਨਾਗਰਿਕ ਦੇ ਸਿਰ ਸਰਕਾਰ ਦੇ ਚੜ੍ਹਾਏ ਕਰਜ਼ੇ ਵਿਚ ਇਸ ਨਾਲ ਹੋਰ ਵਾਧਾ ਹੋ ਗਿਆ ! ਅੰਤ ਵਿਚ ਸਾਡੇ ਦੇਸ਼ ਵਿਚ ਧਰਮਾਂ ਦੀ ਭਰਮਾਰ ਦਾ ਆਦਰ ਕਰਦਿਆਂ ਇਕ ਧਾਰਮਿਕ ਕਥਾ ਵੀ ਸੁਣ ਲਵੋ। ਪਹਿਲੀ ਵਾਰ ਗੰਗਾ-ਅਸ਼ਨਾਨ ਦੇ ਚਾਅ ਵਿਚ ਇਕ ਸਾਧ ਨਵੀਂ ਭੂਰੀ ਲੈ ਕੇ ਹਰਦੁਆਰ ਗਿਆ। ਭੂਰੀ ਨੂੰ ਕਿਨਾਰੇ ਉੱਤੇ ਰੱਖ ਕੇ ਖ਼ੂਬ ਜੀਅ ਭਰ-ਭਰ ਗੋਤੇ ਲਾਉਂਦਿਆਂ ਸਭ ਪਾਪ ਧੋਣ ਮਗਰੋਂ ਉਹ ਹੌਲਾ-ਫੁੱਲ ਹੋ ਕੇ ਬਾਹਰ ਨਿਕਲਿਆ ਤਾਂ ਭੂਰੀ ਗ਼ਾਇਬ। ਜਿਵੇਂ ਸਾਰੀ ਸਾਜ਼ਿਸ਼ ਦਾ ਚਾਨਣ ਹੋ ਗਿਆ ਹੋਵੇ, ਬੋਲਿਆ, ਅੱਛਾ, ਇਹ ਸਭ ਰੌਣਕ-ਮੇਲਾ ਤੇ ਢੋਲ-ਢਮੱਕਾ ਸਾਧ ਦੀ ਭੂਰੀ ਵਾਸਤੇ ਹੀ ਸੀ ! ਸਰਕਾਰੀ ਕਰਜ਼ੇ ਨਾਲ ਤੁਹਾਡੇ ਸਬੰਧ ਦਾ ਸਾਧ ਦੀ ਹਰਦੁਆਰ-ਫੇਰੀ ਨਾਲੋਂ ਫ਼ਰਕ ਇਹ ਹੈ ਕਿ ਉਥੇ ਸਾਰਾ ਰੌਣਕ-ਮੇਲਾ ਤੇ ਢੋਲ-ਢਮੱਕਾ ਕਰਦਿਆਂ ਉਹਦੇ ਸਹਾਰੇ ਸਾਧ ਦੀ ਭੂਰੀ ਚੋਰੀ ਕੀਤੀ ਗਈ, ਇਥੇ ਨੇਤਾ ਪਹਿਲਾਂ ਤੁਹਾਡੀ ਭੂਰੀ ਚੋਰੀ ਕਰਦੇ ਹਨ ਤੇ ਫੇਰ ਉਹਦੇ ਸਹਾਰੇ ਆਪਣਾ ਸਾਰਾ ਰੌਣਕ-ਮੇਲਾ ਤੇ ਢੋਲ-ਢਮੱਕਾ ਕਰਦੇ ਹਨ !

# ਨ੍ਰਿਤ ਨੂੰ ਜਿਊਣ ਵਾਲੀ ਮਧੂਮਤੀ

ਅਜ਼ੂਰੀ, ਸਿਤਾਰਾ ਦੇਵੀ, ਕੁੱਕੂ ਤੇ ਹੈਲਨ ਵਰਗੀਆਂ ਮਸ਼ਹੂਰ ਫ਼ਿਲਮੀ ਨਾਚੀਆਂ ਤੋਂ ਬਾਅਦ ਨ੍ਰਿਤ ਅਦਾਕਾਰੀ ਦੇ ਖੇਤਰ ਵਿੱਚ ਛਾ ਜਾਣ ਵਾਲੀ ਮਧੂਮਤੀ ਉਰਫ਼ ਹਿਊਟੋਕਸੀ ਦਾਰਾ ਰਿਪੋਰਟਰ ਦੀ ਪੈਦਾਇਸ਼ 30 ਮਈ 1941 ਨੂੰ ਠਾਣੇ ਦੇ ਇੱਕ ਖ਼ੁਸ਼ਹਾਲ ਪਾਰਸੀ ਪਰਿਵਾਰ ਵਿੱਚ ਹੋਈ। ਮਧੂਮਤੀ ਦੇ ਪਿਤਾ ਖ਼ਾਨ ਸਾਹਿਬ ਦਾਰਾ ਬਹਿਰਾਮ ਜੀ ਰਿਪੋਰਟਰ ਪੇਸ਼ੇ ਵਜੋਂ ਜੱਜ ਸਨ ਅਤੇ ਮਾਤਾ ਦਾ ਨਾਮ ਪੈਰੀਨ ਸੀ। ਬਾਲ ਵਰੇਸੇ ਹੀ ਮਧੂਮਤੀ ਨੂੰ ਨ੍ਰਿਤ ਕਲਾ ਨਾਲ ਬੇਪਨਾਹ ਉਲਫ਼ਤ ਸੀ। ਪਿਤਾ ਦੀ ਮੁਖ਼ਾਲਫ਼ਤ ਦੇ ਬਾਵਜੂਦ ਉਸ ਨੇ 7 ਸਾਲ ਦੀ ਉਮਰ ਵਿੱਚ ਲਖਨਊ ਘਰਾਣੇ ਦੇ ਗੁਰੂ ਦੁਲਾਰੀ ਸ੍ਰੀਵਾਸਤਵ ਕੋਲੋਂ ਕੱਥਕ ਨ੍ਰਿਤ ਸਿੱਖਿਆ। ਸਕੂਲ ਪੜ੍ਹਦਿਆਂ ਹੀ ਮਧੂਮਤੀ ਨੇ ਮਣੀਪੁਰੀ ਤੇ ਕਥਾਕਲੀ ਨ੍ਰਿਤ ਸਿੱਖਿਆ। ਉਸ ਨੇ ਗੁਰੂ ਆਰ. ਕੇ. ਸ਼ੈਟੀ ਅਤੇ ਗੁਰੂ ਚੰਦਰ ਸ਼ੇਖਰ ਪਿੱਲੇ ਕੋਲੋਂ ਭਰਤ ਨਾਟੀਅਮ ਦੀ ਸਿਖਲਾਈ ਹਾਸਲ ਕੀਤੀ। ਇਸ ਤੋਂ ਇਲਾਵਾ ਪੰਜਾਬੀ ਲੋਕ ਨਾਚ ਮਨੋਹਰ ਦੀਪਕ ਕੋਲੋਂ ਸਿੱਖਿਆ। ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਉਸ ਨੇ ਠਾਣੇ ਵਿੱਚ ਆਪਣੀ ਡਾਂਸ ਅਕੈਡਮੀ ਖੋਲ੍ਹ ਲਈ। ਹੌਲੀ-ਹੌਲੀ ਨ੍ਰਿਤ ਕਲਾ ਦਾ ਇਹੀ ਸ਼ੌਕ ਉਸ ਨੂੰ ਹਿੰਦੀ ਤੇ ਪੰਜਾਬੀ ਫ਼ਿਲਮਾਂ ਵੱਲ ਖਿੱਚ ਲਿਆਇਆ। ਬਾਅਦ 'ਚ ਉਸ ਨੇ ਕਈ ਮਰਾਠੀ, ਗੁਜਰਾਤੀ ਅਤੇ ਬੰਗਲਾ ਫ਼ਿਲਮਾਂ ਵਿੱਚ ਬਤੌਰ ਡਾਂਸਰ, ਮੁੱਖ ਅਦਾਕਾਰਾ ਤੇ ਚਰਿੱਤਰ ਅਦਾਕਾਰਾ ਵਜੋਂ ਭਰਪੂਰ ਨਾਂ ਤੇ ਸ਼ੋਹਰਤ ਖੱਟੀ। ਜਦੋਂ ਰਾਮੂਭਾਈ ਦੇਸਾਈ ਨੇ ਆਪਣੇ ਫ਼ਿਲਮਸਾਜ਼ ਅਦਾਰੇ ਪ੍ਰਭਾ ਪਿਕਚਰਜ਼, ਬੰਬੇ ਦੇ ਬੈਨਰ ਹੇਠ ਧੀਰੂਭਾਈ ਦੇਸਾਈ ਦੀ ਹਿਦਾਇਤਕਾਰੀ ਵਿੱਚ ਪੌਰਾਣਿਕ ਫ਼ਿਲਮ 'ਹਰੀਸ਼ਚੰਦਰ' ਉਰਫ਼ 'ਰਾਜਾ ਹਰੀਸ਼ਚੰਦਰ' (1958) ਬਣਾਈ ਤਾਂ ਪਾਰਸੀ ਮੁਟਿਆਰ ਹਿਊਟੋਕਸੀ ਨੂੰ 'ਮਧੂਮਤੀ' ਦੇ ਨਵੇਂ ਨਾਮ ਨਾਲ ਮੁਤਆਰਿਫ਼ ਕਰਵਾਇਆ। ਸ਼ਾਹੂ ਮੋਦਕ ਤੇ ਸੁਲੋਚਨਾ ਦੇ ਮਰਕਜ਼ੀ ਕਿਰਦਾਰਾਂ ਵਾਲੀ ਇਸ ਫ਼ਿਲਮ ਵਿੱਚ ਮਧੂਮਤੀ ਨੇ ਸੁਸ਼ਾਂਤ ਬੈਨਰਜੀ ਦੇ ਸੰਗੀਤ 'ਚ ਸਜੇ ਗੀਤ 'ਆਜਾ ਰਾਜਾ ਆਜਾ' ਉੱਤੇ ਆਪਣੇ ਨ੍ਰਿਤ ਦੀ ਪਹਿਲੀ ਪੇਸ਼ਕਾਰੀ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਲਲਿਤ ਕਲਾ ਮੰਦਿਰ, ਬੰਬੇ ਦੀ ਅਰਬਿੰਦ ਸੈਨ ਨਿਰਦੇਸ਼ਿਤ ਫ਼ਿਲਮ 'ਜਾਲਸਾਜ਼' (1959), ਵੀ. ਕੇ. ਪ੍ਰੋਡਕਸ਼ਨਜ਼, ਬੰਬੇ ਦੀ ਆਰ. ਮਜੂਮਦਾਰ ਨਿਰਦੇਸ਼ਿਤ ਫ਼ਿਲਮ 'ਹਮ ਭੀ ਇਨਸਾਨ ਹੈਂ' (1959), ਪ੍ਰਭਾ ਪਿਕਚਰਜ਼, ਬੰਬੇ ਦੀ ਸ਼ਰਦ ਦੇਸਾਈ ਨਿਰਦੇਸ਼ਿਤ ਫ਼ਿਲਮ 'ਸ਼ਰਵਨ ਕੁਮਾਰ' (1960), ਮਧੂਸ਼ਾਲਾ, ਬੰਬੇ ਦੀ ਸੀ. ਕਾਂਤ ਨਿਰਦੇਸ਼ਿਤ ਫ਼ਿਲਮ 'ਕੈਪਟਨ ਇੰਡੀਆ' (1960), ਫ਼ਿਲਮਜ਼ ਮੇਕਰਜ਼, ਬੰਬੇ ਦੀ ਮੁਹੰਮਦ ਹੁਸੈਨ ਨਿਰਦੇਸ਼ਿਤ ਫ਼ਿਲਮ 'ਤੀਰ ਔਰ ਤਲਵਾਰ' (1960) 'ਚ ਨ੍ਰਿਤ ਗੀਤ ਕਰਨ ਤੋਂ ਬਾਅਦ ਚੰਦਰ ਮੂਵੀਜ਼, ਬੰਬੇ



ਦੀ ਚੰਦੂਲਾਲ ਸ਼ਾਹ ਨਿਰਦੇਸ਼ਿਤ ਫ਼ਿਲਮ 'ਜ਼ਮੀਨ ਕੇ ਤਾਰੇ' (1960) ਵਿੱਚ ਪਹਿਲੀ ਵਾਰ ਹੀਰੋਇਨ ਵਜੋਂ ਡੇਜ਼ੀ ਇਰਾਨੀ ਦੀ 'ਮਤਰੇਈ ਮਾਂ' ਦਾ ਕਿਰਦਾਰ ਨਿਭਾਇਆ। ਮਧੂਮਤੀ ਨੇ ਆਪਣੇ ਪਤੀ ਮਨੋਹਰ ਦੀਪਕ ਦੇ ਫ਼ਿਲਮਸਾਜ਼ ਅਦਾਰੇ ਆਲਮਦੀਪ ਪ੍ਰੋਡਕਸ਼ਨਜ਼, ਬੰਬੇ ਦੀ ਧਰਮ ਕੁਮਾਰ ਨਿਰਦੇਸ਼ਿਤ ਫ਼ਿਲਮ 'ਸੰਗਦਿਲ' (1967) ਅਤੇ ਕੇ. ਡੀ. ਸ਼ਰਮਾ ਦੇ ਫ਼ਿਲਮਸਾਜ਼ ਅਦਾਰੇ ਕੇ. ਡੀ. ਫ਼ਿਲਮਜ਼, ਬੰਬੇ ਦੀ ਮਨੋਹਰ ਦੀਪਕ ਨਿਰਦੇਸ਼ਿਤ ਫ਼ਿਲਮ 'ਜਯ ਜਵਾਲਾ' ਉਰਫ਼ 'ਪੂਜਾ ਔਰ ਪਾਇਲ' (1972) 'ਚ ਅਦਾਕਾਰੀ ਕੀਤੀ। ਇਸ ਤੋਂ ਇਲਾਵਾ ਬਤੌਰ ਅਦਾਕਾਰਾ ਕ੍ਰਿਸ਼ਨਦੀਪ ਪ੍ਰੋਡਕਸ਼ਨਜ਼, ਬੰਬੇ ਦੀ ਧਰਮ ਕੁਮਾਰ ਨਿਰਦੇਸ਼ਿਤ ਫ਼ਿਲਮ 'ਚਲੇ ਹੈਂ ਸੁਸਰਾਲ' (1966) 'ਚ ਹੀਰੋ ਚੰਦਰਸ਼ੇਖਰ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਓ. ਪੀ. ਰਲਹਨ ਦੇ ਫ਼ਿਲਮਸਾਜ਼ ਅਦਾਰੇ ਰਲਹਨ ਪ੍ਰੋਡਕਸ਼ਨਜ਼, ਬੰਬੇ ਦੀ ਓ. ਪੀ. ਰਲਹਨ ਨਿਰਦੇਸ਼ਿਤ ਫ਼ਿਲਮ 'ਤਲਾਸ਼' (1969) 'ਚ ਉਸ ਨੇ ਅਮਜ਼ਦ ਖ਼ਾਨ ਦੀ ਮਹਿਬੂਬਾ ਦਾ ਨਕਾਰਾਤਮਕ ਕਿਰਦਾਰ ਨਿਭਾਇਆ। ਉਸ ਦੀ ਨ੍ਰਿਤ ਅਦਾਕਾਰਾ ਵਜੋਂ ਆਖ਼ਰੀ ਹਿੰਦੀ ਫ਼ਿਲਮ ਐੱਮ. ਕੇ. ਡੀ. ਫ਼ਿਲਮਜ਼, ਬੰਬੇ ਦੀ ਮਨਮੋਹਨ ਦੇਸਾਈ ਨਿਰਦੇਸ਼ਿਤ ਫ਼ਿਲਮ 'ਅਮਰ ਅਕਬਰ ਅਨਥੋਨੀ' (1977) ਸੀ, ਜਿਸ ਵਿੱਚ ਉਸ ਨੇ ਤਵਾਇਫ਼ 'ਬਿਜਲੀ ਬਾਈ' ਦਾ ਕਿਰਦਾਰ ਨਿਭਾਇਆ। ਮਧੂਮਤੀ ਦੀ ਨਾਚ ਕਲਾ ਨਾਲ ਜੁੜੇ ਤੇ ਉਸ 'ਤੇ ਫ਼ਿਲਮਾਏ ਕੁਝ ਮਸ਼ਹੂਰ ਜ਼ਮਾਨਾ ਗੀਤ 'ਅਭੀ ਕਮਸਿਨ ਹੋ ਨਾਦਾਂ ਹੋ ਜਾਨੇ ਜਾਨਾ' (ਰਫ਼ੀ, ਕੋਰਸ/ਆਯਾ ਤੂਫ਼ਾਨ/1964), 'ਆਂਖੋਂ-ਆਂਖੋਂ ਮੇਂ ਕਿਸੀ ਸੇ ਬਾਤ ਹੂਈ' (ਆਸ਼ਾ ਭੌਸਲੇ/ਜਾਨਵਰ/1965), 'ਹੁਜ਼ੂਰੇ ਵਾਲਾ ਜੋ ਹੋ ਇਜਾਜ਼ਤ ਤੋ ਹਮ ਯੇ ਸਾਰੇ ਜਹਾਂ ਸੇ ਕਹਿ ਦੇਂ' (ਮੀਨੂੰ ਪ੍ਰਸ਼ੋਤਮ, ਆਸ਼ਾ ਭੌਸਲੇ/ਯੇਹ ਰਾਤ ਫਿਰ ਨਾ ਆਏਗੀ/1966), 'ਮੁਸ਼ਕਿਲ ਮੇਂ ਪੜ ਗਈ ਜਾਨ' (ਲਤਾ ਮੰਗੇਸ਼ਕਰ, ਊਸ਼ਾ ਮੰਗੇਸ਼ਕਰ/ਦੇਵਰ/1966), 'ਨਾਈਟ ਇਨ ਲੰਦਨ' (ਲਤਾ, ਰਫ਼ੀ, ਸਾਥੀ/ਨਾਈਟ ਇਨ ਲੰਦਨ/1967), 'ਝਨਕ-ਝਨਕ ਮੋਰੇ ਬਾਜੇ ਪਾਯਲੀਆ' (ਮੰਨਾ ਡੇਅ/ਮੇਰੇ ਹੁਜ਼ੂਰ/1968) ਆਦਿ ਦੀ ਲੰਮੇਰੀ ਸੂਚੀ ਹੈ। 1962 ਦੀ ਭਾਰਤ-ਚੀਨ ਜੰਗ ਦੌਰਾਨ ਨੇਫ਼ਾ ਬਾਰਡਰ 'ਤੇ ਜਾ ਕੇ ਫ਼ੌਜੀ ਭਰਾਵਾਂ ਦਾ ਹੌਸਲਾ ਵਧਾਉਣ ਵਾਲੀ ਮਧੂਮਤੀ ਪਹਿਲੀ ਬੀਬੀ ਸੀ। ਇਸ ਤੋਂ ਬਾਅਦ ਉਸ ਨੇ ਅਦਾਕਾਰ ਸੁਨੀਲ ਦੱਤ ਨਾਲ ਮਿਲਕੇ 'ਅਜੰਤਾ ਆਰਟਸ ਕਲਚਰਲ ਟਰੂਪ' ਦੀ ਸਥਾਪਨਾ ਕੀਤੀ। ਉਸ ਨੇ ਹਿੰਦੀ ਫ਼ਿਲਮਾਂ ਦੇ ਨਾਲ-ਨਾਲ ਪੰਜਾਬੀ ਫ਼ਿਲਮਾਂ ਵਿੱਚ ਨ੍ਰਿਤ ਅਦਾਕਾਰਾ ਵਜੋਂ ਕੰਮ ਕੀਤਾ। ਉਸ ਨੇ ਆਪਣੇ ਅਦਾਕਾਰ ਪਤੀ ਮਨੋਹਰ ਦੀਪਕ ਦੇ ਫ਼ਿਲਮਸਾਜ਼ ਅਦਾਰੇ ਸੰਗੀਤ ਪਿਕਚਰਜ਼, ਬੰਬੇ ਦੀ ਜੁਗਲ ਕਿਸ਼ੋਰ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਖੇਡਣ ਦੇ ਦਿਨ ਚਾਰ' (1962) 'ਚ ਨ੍ਰਿਤ ਅਦਾਕਾਰਾ ਦਾ ਪਾਰਟ ਅਦਾ ਕੀਤਾ। ਹੰਸਰਾਜ ਬਹਿਲ ਦੇ ਸੰਗੀਤ ਵਿੱਚ ਨੰਦਲਾਲ ਨੂਰਪੁਰੀ ਦਾ ਲਿਖਿਆ ਇੱਕ ਗੀਤ 'ਹੋਏ...ਦੁਹਾਈ ਨੀਂ ਦੁਹਾਈ ਨੈਣਾਂ ਨਾਲ ਹੋਣ ਲੱਗੀ ਨੈਣਾਂ ਦੀ ਲੜਾਈ' (ਸ਼ਮਸ਼ਾਦ ਬੇਗ਼ਮ) ਮਧੂਮਤੀ, ਇੰਦਰਾ ਤੇ ਸਹੇਲੀਆਂ ਉੱਤੇ ਫ਼ਿਲਮਾਇਆ ਗਿਆ। ਰਾਜ ਕੁਮਾਰ ਕੋਹਲੀ ਦੇ ਫ਼ਿਲਮਸਾਜ਼ ਅਦਾਰੇ ਸ਼ੰਕਰ ਮੂਵੀਜ਼, ਬੰਬੇ ਦੀ ਪੰਜਾਬੀ ਫ਼ਿਲਮ 'ਪਿੰਡ ਦੀ ਕੁੜੀ' (1963) 'ਚ ਮਧੂਮਤੀ ਨੇ ਨਿਸ਼ੀ ਨਾਲ ਨ੍ਰਿਤ ਗੀਤ 'ਹਾਏ ਨੀਂ ਹਾਲ ਪਾਰਿਆ' (ਆਸ਼ਾ ਭੌਸਲੇ, ਸ਼ਮਸ਼ਾਦ ਬੇਗ਼ਮ) 'ਚ ਖ਼ੂਬ ਧਮਾਲਾਂ ਪਾਈਆਂ। ਮਨੋਹਰ ਦੀਪਕ ਤੇ ਜਸਮੇਰ ਗਿੱਲ ਦੇ ਫ਼ਿਲਮਸਾਜ਼ ਅਦਾਰੇ ਅਕਾਸ਼ਬਾਣੀ ਪਿਕਚਰਜ਼, ਬੰਬੇ ਦੀ ਹੈਨਰੀ ਜੂਲੀਅਸ (ਸਹਾਇਕ ਸਤਪਾਲ ਤੇ ਗੁਰਮੇਲ) ਨਿਰਦੇਸ਼ਿਤ ਪੰਜਾਬੀ ਫ਼ਿਲਮ 'ਗੀਤ ਬਹਾਰਾਂ ਦੇ' (1964) 'ਚ ਉਸ ਨੇ 'ਮਧੂ' ਦਾ ਤੇ ਜਗਦੇਵ ਭਾਂਬਰੀ ਨੇ 'ਜਗਦੇਵ' ਦਾ ਪਾਰਟ ਅਦਾ ਕੀਤਾ। ਫ਼ਿਲਮ ਦੇ ਮਰਕਜ਼ੀ ਕਿਰਦਾਰ ਵਿੱਚ ਮਨੋਹਰ ਦੀਪਕ ਤੇ ਜਬੀਨ ਜਲੀਲ ਜੋੜੀਦਾਰ ਵਜੋਂ ਮੌਜੂਦ ਸਨ। ਦੱਤਾ ਰਾਮ (ਸਹਾਇਕ ਸੋਨਿਕ) ਦੇ ਸੰਗੀਤ ਵਿੱਚ ਮਧੂਮਤੀ, ਜਗਦੇਵ, ਮਨੋਹਰ ਦੀਪਕ ਤੇ ਜਬੀਨ 'ਤੇ ਫ਼ਿਲਮਾਏ ਗੀਤ 'ਕਿੱਕਲੀ ਕਲੀਰ ਦੀ...ਨੀਂ ਏਹਦਾ ਘੜੀ-ਘੜੀ ਪਲ-ਪਲ ਹੋਰ' (ਆਸ਼ਾ ਭੌਸਲੇ, ਲਤਾ ਮੰਗੇਸ਼ਕਰ), 'ਇੱਕ ਪਾਸੇ ਟਾਹਲੀ ਤੇ ਇੱਕ ਪਾਸੇ ਬੇਰੀ' (ਲਤਾ ਮੰਗੇਸ਼ਕਰ, ਆਸ਼ਾ ਭੌਸਲੇ) ਤੋਂ ਇਲਾਵਾ ਕੱਵਾਲੀ ਗੀਤ 'ਸੋਹਣੇ ਰੱਬ ਦੀਆਂ ਸਿਫ਼ਤਾਂ ਕੀ ਕਰੀਏ' (ਮੁਹੰਮਦ ਰਫ਼ੀ, ਆਸ਼ਾ ਭੋਸਲੇ) ਵੀ ਬੜਾ ਪਸੰਦ ਕੀਤਾ ਗਿਆ। ਸ੍ਰੀਮਤੀ ਐੱਸ. ਐੱਸ. ਮਦਾਨ ਦੇ ਫ਼ਿਲਮਸਾਜ਼ ਅਦਾਰੇ ਸੋਭਾ ਪਿਕਚਰਜ਼, ਬੰਬੇ ਦੀ ਬੇਕਲ 'ਅੰਮ੍ਰਿਤਸਰੀ' ਨਿਰਦੇਸ਼ਿਤ ਪੰਜਾਬੀ ਫ਼ਿਲਮ 'ਕਿੱਕਲੀ' (1964) 'ਚ ਮਧੂਮਤੀ ਨੇ ਹਰਬੰਸ ਦੇ ਸੰਗੀਤ 'ਚ ਬੇਕਲ ਦੇ ਲਿਖੇ ਗੀਤ 'ਆਏ-ਹਾਏ...ਕੋਠੇ ਤੇ ਆਈਂ ਵੇ ਹਕੀਮ ਤਾਰਾ ਚੰਦ' (ਆਸ਼ਾ ਭੌਸਲੇ, ਮੀਨੂੰ ਪ੍ਰਸ਼ੋਤਮ) ਮਧੂਮਤੀ, ਅਰੂਨਾ (ਇੰਦਰਾ) ਤੇ ਸਹੇਲੀਆਂ 'ਤੇ ਫ਼ਿਲਮਾਇਆ ਗਿਆ ਸੀ। ਸ਼ੰਕਰ ਮੂਵੀਜ਼, ਬੰਬੇ ਦੀ ਬਲਦੇਵ ਆਰ. ਝੀਂਗਣ ਨਿਰਦੇਸ਼ਿਤ ਫ਼ਿਲਮ 'ਮੈਂ ਜੱਟੀ ਪੰਜਾਬ ਦੀ' (1964) 'ਚ ਹੁਸਨਲਾਲ-ਭਗਤਰਾਮ ਦੇ ਸੰਗੀਤ ਵਿੱਚ ਵਰਮਾ ਮਲਿਕ ਦੇ ਲਿਖੇ ਇੱਕ ਗੀਤ 'ਹਾਏ ਤੌਬਾ ਹਾਏ ਨੀਂ ਮੈਨੂੰ ਕੀ ਹੁੰਦਾ ਜਾਏ' (ਸ਼ਮਸ਼ਾਦ ਬੇਗ਼ਮ, ਊਸ਼ਾ ਮੰਗੇਸ਼ਕਰ) ਉੱਤੇ ਮਧੂਮਤੀ ਤੇ ਨਿਸ਼ੀ ਨੇ ਸੋਹਣਾ ਨ੍ਰਿਤ ਪੇਸ਼ ਕੀਤਾ। ਗੋਪਾਲ ਸਹਿਗਲ ਦੇ ਫ਼ਿਲਮਸਾਜ਼ ਅਦਾਰੇ ਅਲਪਨਾ ਫ਼ਿਲਮਜ਼, ਬੰਬੇ ਦੀ ਰੌਸ਼ਨ ਭਾਰਦਵਾਜ ਨਿਰਦੇਸ਼ਿਤ ਮਜ਼ਾਹੀਆ ਫ਼ਿਲਮ 'ਮਾਮਾ ਜੀ' (1964) 'ਚ ਮਧੂਮਤੀ ਤੇ ਅਰੂਨਾ 'ਤੇ ਨ੍ਰਿਤ ਗੀਤ 'ਤਿਲ੍ਹਕ ਗਿਆ ਮੇਰਾ ਪੈਰ ਨੀਂ' (ਊਸ਼ਾ ਮੰਗੇਸ਼ਕਰ, ਮੀਨੂੰ ਪ੍ਰਸ਼ੋਤਮ) ਫ਼ਿਲਮਾਇਆ ਗਿਆ। 1962 ਦੀ ਹਿੰਦ-ਚੀਨ ਜੰਗ ਦੇ ਵਿਸ਼ੇ 'ਤੇ ਬਣੀ ਹਰਬੰਸ ਸਿੰਘ ਸੇਖੋਂ ਦੇ ਫ਼ਿਲਮਸਾਜ਼ ਅਦਾਰੇ ਪੰਜਾਬ ਫ਼ਿਲਮ ਆਰਟਸ, ਬੰਬੇ ਦੀ ਬਲਦੇਵ ਆਰ. ਝੀਂਗਣ ਨਿਰਦੇਸ਼ਿਤ ਫ਼ਿਲਮ 'ਧਰਤੀ ਵੀਰਾਂ ਦੀ' (1965) 'ਚ ਮਧੂਮਤੀ ਨੇ ਦੂਜੀ ਹੀਰੋਇਨ 'ਬਚਨੀ' ਦਾ ਪਾਰਟ ਅਦਾ ਕੀਤਾ। ਐੱਸ. ਮਦਨ ਦੇ ਸੰਗੀਤ 'ਚ ਨਕਸ਼ ਲਾਇਲਪੁਰੀ ਦੇ ਲਿਖੇ ਤੇ ਮਧੂਮਤੀ, ਰਾਜਿੰਦਰ ਕਪੂਰ ਤੇ ਨਿਸ਼ੀ 'ਤੇ ਫ਼ਿਲਮਾਏ ਗੀਤ 'ਜੀਵੇ ਜਵਾਨੀਆਂ ਮਾਣੇ ਤੂੰ ਹੈ ਮੇਰੇ ਹਾਣ ਦੀ' (ਆਸ਼ਾ ਭੌਸਲੇ, ਸੁਮਨ ਕਲਿਆਣਪੁਰ) ਤੋਂ ਇਲਾਵਾ ਭੰਗੜਾ ਗੀਤ 'ਮੈਂ ਹਾਂ ਜੱਟ ਪੰਜਾਬ ਦਾ...ਗੋਰਾ ਰੰਗ ਤਿੱਖਾ ਨੱਕ ਸ਼ਾਵਾ-ਸ਼ਾਵਾ' (ਮੁਹੰਮਦ ਰਫ਼ੀ, ਸ਼ਮਸ਼ਾਦ ਬੇਗ਼ਮ, ਸੁਰਿੰਦਰ ਕੋਹਲੀ, ਮਧੂਲਿਕਾ ਦੇਵੀ) ਖ਼ੂਬ ਚੱਲਿਆ। ਸ਼ੇਰੇ ਪੰਜਾਬ ਫ਼ਿਲਮਜ਼, ਬੰਬੇ ਦੀ ਬਲਦੇਵ ਰਾਜ ਝੀਂਗਣ ਨਿਰਦੇਸ਼ਿਤ ਫ਼ਿਲਮ 'ਸੱਪਣੀ' (1965) 'ਚ ਉਸ ਨੇ ਅਦਾਕਾਰਾ ਨਿਸ਼ੀ ਨਾਲ ਵਰਮਾ ਮਲਿਕ ਦੇ ਲਿਖੇ ਗੀਤ 'ਛੱਡੋ ਰਸਤਾ ਕੇ ਚੱਲੀ ਏ ਜਵਾਨੀ ਸ਼ੂਕਦੀ' (ਆਸ਼ਾ ਭੌਸਲੇ, ਮੀਨੂੰ ਪ੍ਰਸ਼ੋਤਮ) 'ਤੇ ਖ਼ੂਬਸੂਰਤ ਨ੍ਰਿਤ ਪੇਸ਼ ਕੀਤਾ। 1970ਵਿਆਂ ਦੇ ਦਹਾਕੇ 'ਚ ਵੀ ਮਧੂਮਤੀ ਆਪਣੇ ਖ਼ੂਬਸੂਰਤ ਨ੍ਰਿਤ ਗੀਤਾਂ ਜ਼ਰੀਏ ਪੰਜਾਬੀ ਫ਼ਿਲਮਾਂ 'ਚ ਛਾਈ ਰਹੀ। ਰੂਪ ਕਿਰਨ ਪਿਕਚਰਜ਼, ਬੰਬੇ ਦੀ ਜਗਿੰਦਰ ਸਮਰਾ ਨਿਰਦੇਸ਼ਿਤ ਫ਼ਿਲਮ 'ਮੇਲੇ ਮਿੱਤਰਾਂ ਦੇ' (1972) 'ਚ ਉਸ ਨੇ ਲਤਾ ਅਰੋੜਾ ਨਾਲ ਗੀਤ 'ਮੈਂ ਮੁਟਿਆਰ ਪੰਜਾਬ ਦੀ' (ਹੇਮਲਤਾ, ਰਾਜਿੰਦਰ ਰਾਜਨ, ਪਾਲ ਸਿੱਧੂ) 'ਤੇ ਸੋਹਣਾ ਨਾਚ ਪੇਸ਼ ਕੀਤਾ। ਕੰਵਰ ਮਹਿੰਦਰ ਸਿੰਘ ਬੇਦੀ ਦੇ ਫ਼ਿਲਮਸਾਜ਼ ਅਦਾਰੇ ਬੇਦੀ ਐਂਡ ਬਖ਼ਸ਼ੀ ਪ੍ਰੋਡਕਸ਼ਨਜ਼, ਬੰਬੇ ਦੀ ਫ਼ਿਲਮ 'ਮਨ ਜੀਤੈ ਜਗੁ ਜੀਤੁ' (1973) 'ਚ ਉਸ ਨੇ ਇੱਕ ਕੱਵਾਲੀ ਗੀਤ 'ਤੂੰ ਵੀ ਡਾਕੂ ਤੇ ਮੈਂ ਵੀ ਡਾਕੂ' (ਆਸ਼ਾ ਭੌਸਲੇ) 'ਤੇ ਆਪਣੇ ਫ਼ਨ ਦੀ ਪੇਸ਼ਕਾਰੀ ਕੀਤੀ। ਬੂਟਾ ਸਿੰਘ ਸ਼ਾਦ ਦੇ ਫ਼ਿਲਮਸਾਜ਼ ਅਦਾਰੇ ਬਰਾੜ ਪ੍ਰੋਡਕਸ਼ਨਜ਼, ਬੰਬੇ ਦੀ ਫ਼ਿਲਮ 'ਸੱਚਾ ਮੇਰਾ ਰੂਪ ਹੈ' (1976) 'ਚ ਗੀਤ 'ਸੁਣ ਓ ਸ਼ਿਕਾਰੀਆ ਜੇ ਕਰਨਾ ਏ ਸ਼ਿਕਾਰ' (ਮੀਨੂੰ ਪ੍ਰਸ਼ੋਤਮ) ਮਧੂਮਤੀ, ਸਰਿਤਾ, ਰਾਜਿੰਦਰ ਨਾਥ, ਗੋਪਾਲ ਸਹਿਗਲ 'ਤੇ ਫ਼ਿਲਮਾਇਆ ਗਿਆ ਸੀ। ਸਚਦੇਵਾ ਫ਼ਿਲਮਜ਼, ਬੰਬੇ ਦੀ ਪ੍ਰਤਾਪ ਸਾਗਰ ਨਿਰਦੇਸ਼ਿਤ ਫ਼ਿਲਮ 'ਸ਼ਹੀਦ ਕਰਤਾਰ ਸਿੰਘ ਸਰਾਭਾ' (1979) 'ਚ ਵੇਦਪਾਲ ਦੇ ਸੰਗੀਤ 'ਚ ਕਸ਼ਮੀਰ ਕਾਦਰ ਦਾ ਲਿਖਿਆ ਤੇ ਮਧੂਮਤੀ 'ਤੇ ਫ਼ਿਲਮਾਇਆ ਮੁਜਰਾ ਗੀਤ 'ਯਾਰ ਦਾ ਰੁਤਬਾ...ਡੇਰਾ ਯਾਰ ਦੀ ਗਲੀ ਵਿੱਚ ਲਾ ਲੈ' (ਮੀਨੂੰ ਪ੍ਰਸ਼ੋਤਮ) ਬਹੁਤ ਹਿੱਟ ਹੋਇਆ। 17 ਅਗਸਤ 1979 ਨੂੰ ਪ੍ਰਕਾਸ਼ ਥੀਏਟਰ, ਅੰਮ੍ਰਿਤਸਰ ਵਿਖੇ ਰਿਲੀਜ਼ ਹੋਈ ਇਹ ਮਧੂਮਤੀ ਦੀ ਆਖ਼ਰੀ ਪੰਜਾਬੀ ਫ਼ਿਲਮ ਕਰਾਰ ਪਾਈ। 1960ਵਿਆਂ ਦੇ ਦਹਾਕੇ ਵਿੱਚ ਮਧੂਮਤੀ ਨੇ ਭੰਗੜਾ ਅਦਾਕਾਰ ਮਨੋਹਰ ਦੀਪਕ ਨਾਲ ਮਿਲ ਕੇ 'ਮਧੂਮਤੀ-ਮਨੋਹਰ ਦੀਪਕ ਕਲਚਰ ਟਰੂਪ' ਬਣਾਇਆ। ਇਸ ਗਰੁੱਪ ਦੇ 35 ਮੈਂਬਰ ਸਨ, ਜਿਨ੍ਹਾਂ ਨਾਲ ਮਿਲ ਕੇ ਉਨ੍ਹਾਂ ਨੇ ਦੁਨੀਆ ਵਿੱਚ ਕਈ ਸ਼ੋਅ ਪੇਸ਼ ਕੀਤੇ। 1963 ਵਿੱਚ ਮਨੋਹਰ ਦੀਪਕ ਦੀ ਪਹਿਲੀ ਪਤਨੀ ਜੋਤ ਕੌਰ ਫ਼ੌਤ ਹੋ ਗਈ। 1965 ਵਿੱਚ ਮਧੂਮਤੀ ਨੇ ਆਪਣੀ ਦੋਸਤ ਅਦਾਕਾਰਾ ਨਰਗਿਸ ਦੱਤ ਦੇ ਕਹਿਣ 'ਤੇ ਮਨੋਹਰ ਦੀਪਕ ਨਾਲ ਸਿੱਖ ਰੀਤੀ-ਰਿਵਾਜਾਂ ਅਨੁਸਾਰ ਵਿਆਹ ਕਰਵਾ ਲਿਆ। ਮਨੋਹਰ ਦੀਪਕ 31 ਅਕਤੂਬਰ 2006 ਨੂੰ 74 ਸਾਲਾਂ ਦੀ ਉਮਰ ਵਿੱਚ ਵਫ਼ਾਤ ਪਾ ਗਏ। ਪਤੀ ਦੀ ਮੌਤ ਤੋਂ ਬਾਅਦ ਆਪਣੇ-ਆਪ ਨੂੰ ਸੰਭਾਲਦਿਆਂ ਮਧੂਮਤੀ ਮੁਕੰਮਲ ਤੌਰ 'ਤੇ ਆਪਣੀ ਡਾਂਸ ਅਕੈਡਮੀ ਨੂੰ ਸਮਰਪਿਤ ਹੋ ਗਈ। ਧਾਰਮਿਕ ਆਸਥਾ ਵਾਲੀ ਮਧੂਮਤੀ ਅੱਜਕੱਲ੍ਹ ਮੁੰਬਈ ਵਿਖੇ 'ਮਧੂਮਤੀ ਐਕਟਿੰਗ ਅਕੈਡਮੀ' ਚਲਾ ਰਹੀ ਹੈ, ਜਿਸ ਵਿੱਚ ਨਾਚ ਕਲਾ ਨੂੰ ਪਿਆਰ ਕਰਨ ਵਾਲੇ ਬਹੁਤ ਸਾਰੇ ਨੌਜਵਾਨ ਤੇ ਬੱਚੇ ਉਨ੍ਹਾਂ ਕੋਲੋਂ ਨ੍ਰਿਤ ਸਿੱਖਣ ਆ ਰਹੇ ਹਨ। 80 ਸਾਲਾ ਮਧੂਮਤੀ ਨੇ ਦੱਸਿਆ ਕਿ ਮੇਰੀ ਡਾਂਸ ਅਕੈਡਮੀ 'ਚੋਂ ਅਕਸ਼ੈ ਕੁਮਾਰ, ਚੰਕੀ ਪਾਂਡੇ, ਫ਼ਰਹਾ, ਤੱਬੂ, ਸੁਮੀਤ ਸਹਿਗਲ, ਕਿਮੀ ਕਾਟਕਰ, ਸੋਨਮ, ਸ਼ਹਿਬਾਜ਼ ਖ਼ਾਨ, ਸ਼ਿਗੁਫ਼ਤਾ ਅਲੀ, ਪਰਮਵੀਰ ਆਦਿ ਅਦਾਕਾਰ ਨ੍ਰਿਤ ਸਿੱਖ ਕੇ ਫ਼ਿਲਮਾਂ ਵਿੱਚ ਨਾਮ ਕਮਾ ਚੁੱਕੇ ਹਨ।

# ਦਹੀਂ ਜਾਂ ਲੱਸੀ... ਗਰਮੀ ਤੋਂ ਰਾਹਤ ਲਈ ਕਿਹੜਾ ਬਿਹਤਰ



ਗਰਮੀਆਂ ਦਾ ਮੌਸਮ ਚੱਲ ਰਿਹਾ ਹੈ। ਹਰ ਕੋਈ ਦਹੀਂ ਅਤੇ ਲੱਸੀ ਪੀਣਾ ਪਸੰਦ ਕਰਦਾ ਹੈ। ਅਕਸਰ ਲੋਕ ਭੋਜਨ ਦੇ ਨਾਲ ਜਾਂ ਬਾਅਦ ਵਿੱਚ ਠੰਡੀ ਲੱਸੀ ਜਾਂ ਦਹੀਂ ਦਾ ਸੇਵਨ ਕਰਦੇ ਹਨ। ਦੋਵੇਂ ਸਰੀਰ ਨੂੰ ਠੰਡਕ ਦਿੰਦੇ ਹਨ। ਹਾਲਾਂਕਿ, ਦਹੀਂ ਤੋਂ ਬਣੀ ਲੱਸੀ ਗਰਮੀਆਂ ਵਿੱਚ ਤੁਹਾਨੂੰ ਠੰਡਾ ਰੱਖਣ ਵਿੱਚ ਵਧੇਰੇ ਮਦਦ ਕਰਦਾ ਹੈ। ਆਯੁਰਵੇਦ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਲੱਸੀ ਪਚਣ ਵਿੱਚ ਬਹੁਤ ਆਸਾਨ ਹੈ। ਜਦਕਿ ਦਹੀਂ ਭਾਰੀ ਹੈ। ਦਹੀਂ ਦਾ ਸਰੀਰ 'ਤੇ ਗਰਮ ਕਰਨ ਵਾਲਾ ਪ੍ਰਭਾਵ ਵੀ ਪੈਂਦਾ ਹੈ। ਪਰ ਗਰਮੀਆਂ ਵਿੱਚ ਦੋਵਾਂ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਜੇਕਰ ਤੁਸੀਂ ਨਹੀਂ ਜਾਣਦੇ ਕਿ ਗਰਮੀਆਂ ਵਿੱਚ ਤੁਹਾਡੇ ਲਈ ਕਿਹੜਾ ਜ਼ਿਆਦਾ ਚੰਗਾ ਅਤੇ ਫਾਇਦੇਮੰਦ ਹੈ।

1. ਦਹੀਂ ਅਤੇ ਲੱਸੀ ਪ੍ਰੋਬਾਇਓਟਿਕਸ ਹਨ, ਜੋ ਅੰਤੜੀ ਵਿੱਚ ਚੰਗੇ ਬੈਕਟੀਰੀਆ ਨੂੰ ਜਨਮ ਦੇਣ ਦਾ ਕੰਮ ਕਰਦੇ ਹਨ। ਹਾਲਾਂਕਿ, ਜਦੋਂ ਇਹ ਪਾਚਨ ਦੀ ਗੱਲ ਆਉਂਦੀ ਹੈ, ਤਾਂ ਲੱਸੀ ਵਧੀਆ ਅਤੇ ਵਧੇਰੇ ਲਾਭਦਾਇਕ ਬਣ ਜਾਂਦੀ ਹੈ। ਲੱਸੀ ਵਿੱਚ ਵਿਟਾਮਿਨ ਅਤੇ ਖਣਿਜ ਚੰਗੀ ਮਾਤਰਾ ਵਿੱਚ ਪਾਏ ਜਾਂਦੇ ਹਨ। ਇਹ ਕੜਾਕੇ ਦੀ ਗਰਮੀ ਵਿੱਚ ਵੀ ਸਰੀਰ ਨੂੰ ਠੰਡਾ ਰੱਖਦੇ ਹਨ। ਇਸ ਨੂੰ ਪੀਣ ਨਾਲ ਸਰੀਰ ਦਾ ਤਾਪਮਾਨ ਠੀਕ ਰਹਿੰਦਾ ਹੈ। ਲੱਸੀ ਪਾਚਨ ਕਿਰਿਆ ਨੂੰ ਵੀ ਸੁਧਾਰਦੀ ਹੈ। ਜ਼ੀਰਾ ਪਾਊਡਰ, ਨਮਕ, ਹੀਂਗ ਅਤੇ ਅਦਰਕ ਨੂੰ ਛਾਛ ਵਿਚ ਮਿਲਾ ਕੇ ਪੀਣ ਨਾਲ ਹੋਰ ਵੀ ਫਾਇਦਾ ਹੁੰਦਾ ਹੈ।

2. ਜਿਨ੍ਹਾਂ ਲੋਕਾਂ ਦੀ ਪਾਚਨ ਸ਼ਕਤੀ ਤੇਜ਼ ਅਤੇ ਸਹੀ ਹੁੰਦੀ ਹੈ, ਉਨ੍ਹਾਂ ਨੂੰ ਦਹੀਂ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਦਹੀਂ ਖਾਣ ਨਾਲ ਭਾਰ ਵਧਦਾ ਹੈ। ਇਸੇ ਲਈ ਅਜਿਹੇ ਲੋਕਾਂ ਨੂੰ ਪਾਣੀ ਜ਼ਿਆਦਾ ਅਤੇ ਦਹੀਂ ਘੱਟ ਖਾਣ ਨੂੰ ਕਿਹਾ ਜਾਂਦਾ ਹੈ।

3. ਆਯੁਰਵੇਦ ਵਿੱਚ ਦਹੀਂ ਦੇ ਪ੍ਰਭਾਵ ਨੂੰ ਗਰਮ ਦੱਸਿਆ ਗਿਆ ਹੈ। ਦਹੀਂ ਤੋਂ ਲੱਸੀ ਵੀ ਬਣਾਈ ਜਾਂਦੀ ਹੈ ਅਤੇ ਇਸ ਨੂੰ ਬਣਾਉਣ ਦੀ ਵੱਖਰੀ ਵਿਧੀ ਹੁੰਦੀ ਹੈ। ਗਰਮੀਆਂ ਦੇ ਦਿਨਾਂ ਵਿੱਚ ਦਹੀਂ ਦਾ ਘੱਟ ਸੇਵਨ ਕਰਨਾ ਚਾਹੀਦਾ ਹੈ ਅਤੇ ਲੱਸੀ ਦਾ ਜ਼ਿਆਦਾ ਸੇਵਨ ਕਰਨਾ ਚਾਹੀਦਾ ਹੈ। ਮਸਾਲੇਦਾਰ ਲੱਸੀ ਪੀਣਾ ਸਵਾਦਿਸ਼ਟ ਅਤੇ ਸਿਹਤਮੰਦ ਹੁੰਦਾ ਹੈ। ਇਸ ਲਈ ਤੁਸੀਂ ਮੌਸਮ ਦੇ ਹਿਸਾਬ ਨਾਲ ਦਹੀਂ ਅਤੇ ਲੱਸੀ ਦਾ ਸੇਵਨ ਕਰ ਸਕਦੇ ਹੋ।

# ਪ੍ਰੀਨਿਤੀ ਚੋਪੜਾ ਚੋਪੜਾ ਸ਼ੁਰੂ ਵਿੱਚ ਨਿਵੇਸ਼ ਬੈਂਕਿੰਗ ਵਿੱਚ ਕਰੀਅਰ ਬਣਾਉਣਾ ਚਾਹੁੰਦੀ ਸੀ

ਪ੍ਰੀਨਿਤੀ ਚੋਪੜਾ (ਜਨਮ: 22 ਅਕਤੂਬਰ,1988) ਇੱਕ ਭਾਰਤੀ ਅਦਾਕਾਰਾ ਹੈ ਜਿਸਨੇ ਹਿੰਦੀ ਫ਼ਿਲਮਾਂ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ। ਚੋਪੜਾ ਸ਼ੁਰੂ ਵਿੱਚ ਨਿਵੇਸ਼ ਬੈਂਕਿੰਗ ਵਿੱਚ ਕਰੀਅਰ ਬਣਾਉਣਾ ਚਾਹੁੰਦੀ ਸੀ, ਪਰ ਮੈਨਚੈਸਟਰ ਬਿਜ਼ਨਸ ਸਕੂਲ ਤੋਂ ਬਿਜ਼ਨਸ, ਵਿੱਤ ਅਤੇ ਅਰਥ-ਸ਼ਾਸਤਰ ਵਿੱਚ ਤੀਹਰੀ ਸਨਮਾਨ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਉਹ 2009 ਵਿੱਚ ਆਰਥਿਕ ਮੰਦਵਾੜੇ ਦੇ ਦੌਰਾਨ ਭਾਰਤ ਵਾਪਸ ਪਰਤ ਕੇ ਯਸ਼ ਰਾਜ ਫਿਲਮਜ਼ ਵਿੱਚ ਜਨਤਕ ਸੰਬੰਧਾਂ ਦੇ ਸਲਾਹਕਾਰ ਵਜੋਂ ਸ਼ਾਮਲ ਹੋਈ। ਬਾਅਦ ਵਿੱਚ, ਉਸਨੇ ਇੱਕ ਅਦਾਕਾਰਾ ਦੇ ਰੂਪ ਵਿੱਚ ਕੰਪਨੀ ਨਾਲ ਇੱਕ ਇਕਰਾਰਨਾਮਾ ਕੀਤਾ।

ਚੋਪੜਾ ਨੇ 2011 ਵਿੱਚ ਰੋਮਾਂਟਿਕ ਕਾਮੇਡੀ ਲੇਡੀਜ਼ ਵਰਸਿਜ਼ ਰਿਕੀ ਬਹਿਲ ਨਾਲ ਆਪਣਾ ਕੈਰੀਅਰ ਸ਼ੁਰੂ ਕੀਤਾ, ਜਿਸ ਲਈ ਉਸਨੇ ਫ਼ਿਲਮਫ਼ੇਅਰ ਸਭ ਤੋਂ ਵਧੀਆ ਨਵੀਂ ਅਦਾਕਾਰਾ ਲਈ ਫਿਲਮਫੇਅਰ ਅਵਾਰਡ ਜਿੱਤਿਆ ਅਤੇ ਇੱਕ ਵਧੀਆ ਸਹਾਇਕ ਅਭਿਨੇਤਰੀ ਨਾਮਜ਼ਦਗੀ ਪ੍ਰਾਪਤ ਕੀਤੀ। ਉਸ ਨੇ ਬਾਕਸ ਆਫਿਸ ਤੇ ਆਪਣੀ ਪ੍ਰਮੁੱਖ ਭੂਮਿਕਾ ਲਈ- ਇਸ਼ਕਜਾਦੇ (2012), ਸ਼ੁੱਧ ਦੇਸੀ ਰੋਮਾਂਸ (2013) ਅਤੇ ਹਸੀ ਤੋ ਫਸੀ (2014) ਫਿਲਮਾਂ ਲਈ ਪ੍ਰਸ਼ੰਸਾ ਹਾਸਲ ਕੀਤੀ। ਅਦਾਕਾਰੀ ਤੋਂ ਤਿੰਨ ਸਾਲਾਂ ਦੀ ਛੁੱਟੀ ਤੋਂ ਬਾਅਦ, ਉਸਨੇ ਬਲਾਕਬਲਟਰ ਕਾਮੇਡੀ ਗੋਲਮਾਲ ਅਗੇਨ (2017) ਵਿੱਚ ਕੰਮ ਕੀਤਾ, ਜੋ ਕਿ ਵੱਡੀਆਂ ਭਾਰਤੀ ਫਿਲਮਾਂ ਵਿਚੋਂ ਇੱਕ ਸੀ।

ਚੋਪੜਾ ਨੇ ਮੈਨਚੇਸਰ



ਬਿਜਨੇਸ ਸਕੂਲ ਤੋਂ ਬਿਜਨਸ, ਵਿੱਤ ਅਤੇ ਅਰਥਸ਼ਾਸਤਰ ਵਿੱਚ ਤੀਹਰੀ ਆਨਰੇਜ਼ ਦੀ ਡਿਗਰੀ ਹਾਸਲ ਕੀਤੀ। ਪ੍ਰੀਨਿਤੀ ਚੋਪੜਾ ਦਾ ਜਨਮ 22 ਅਕਤੂਬਰ 1988 ਨੂੰ ਅੰਬਾਲਾ, ਹਰਿਆਣਾ ਵਿੱਚ ਇੱਕ ਪੰਜਾਬੀ ਪਰਿਵਾਰ ਵਿੱਚ ਹੋਇਆ ਸੀ। ਉਸ ਦੇ ਪਿਤਾ, ਪਵਨ ਚੋਪੜਾ, ਭਾਰਤੀ ਫੌਜ ਦੇ ਅੰਬਾਲਾ ਛਾਉਣੀ ਵਿੱਚ ਇੱਕ ਵਪਾਰੀ ਅਤੇ ਸਪਲਾਇਰ ਹਨ ਅਤੇ ਉਸ ਦੀ ਮਾਂ ਰੀਨਾ ਚੋਪੜਾ ਹੈ। ਉਸ ਦੇ ਦੋ ਭਰਾ ਹਨ: ਸ਼ਿਵੰਗ ਅਤੇ ਸਹਜ; ਅਦਾਕਾਰਾਵਾਂ ਪ੍ਰਿਯੰਕਾ ਚੋਪੜਾ, ਮੀਰਾ ਚੋਪੜਾ ਮੰਨਾਰਾ ਚੋਪੜਾ ਉਸ ਦੀਆਂ ਚਚੇਰੀਆਂ ਭੈਣਾਂ ਹਨ। ਚੋਪੜਾ ਨੇ ਕਾਨਵੈਂਟ ਆਫ਼ ਜੀਜਸ ਅਤੇ ਮੈਰੀ, ਅੰਬਾਲਾ ਤੋਂ ਪੜ੍ਹਾਈ ਕੀਤੀ।ਦ ਹਿੰਦੂ ਵਿੱਚ ਪ੍ਰਕਾਸ਼ਿਤ ਇੱਕ ਇੰਟਰਵਿਊ ਵਿੱਚ, ਉਸਨੇ ਦੱਸਿਆ ਕਿ ਉਹ ਇੱਕ ਬਹੁਤ ਵਧੀਆ ਵਿਦਿਆਰਥੀ ਸੀ ਅਤੇ ਹਮੇਸ਼ਾ ਇੱਕ ਨਿਵੇਸ਼ ਬੈਂਕਰ ਬਣਨਾ ਚਾਹੁੰਦੀ ਸੀ। ਬੈਂਡ ਬਾਜਾ ਬਾਰਾਤ ਲਈ ਪ੍ਰਮੋਸ਼ਨਾਂ ਤੇ ਕੰਮ ਕਰਦਿਆਂ, ਚੋਪੜਾ ਨੂੰ ਅਹਿਸਾਸ ਹੋਇਆ ਕਿ ਉਹ ਅਭਿਨੇਤਰੀ ਬਣਨਾ ਚਾਹੁੰਦੀ ਹੈ ਅਤੇ ਅਭਿਨੈ ਸਕੂਲ ਜਾਣ ਲਈ ਯਸ਼ ਰਾਜ ਫਿਲਮਾਂ ਦੇ ਨਾਲ ਆਪਣੇ ਕਾਰਜਕਾਰੀ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ। ਫ਼ਿਲਮ ਨਿਰਦੇਸ਼ਕ ਮਨੀਸ਼ ਸ਼ਰਮਾ ਨੇ ਚੋਪੜਾ ਨੂੰ ਯਸ਼ ਰਾਜ ਫ਼ਿਲਮਾਂ ਦੇ ਚੇਅਰਮੈਨ ਆਦਿੱਤਿਆ ਚੋਪੜਾ ਨਾਲ ਦਸਤਖਤ ਕਰਨ ਦਾ ਸੁਝਾਅ ਦਿੱਤਾ। ਆਪਣੀ ਮਾਰਕੀਟਿੰਗ ਟੀਮ ਵਿਚੋਂ ਕਿਸੇ ਨੂੰ ਅਭਿਨੇਤਰੀ ਵਜੋਂ ਭਰਤੀ ਕਰਨ ਦੇ ਵਿਚਾਰ ਤੋਂ ਪ੍ਰੇਸ਼ਾਨ, ਉਪ-ਪ੍ਰਧਾਨ ਨੇ ਇਨਕਾਰ ਕਰ ਦਿੱਤਾ।ਜਦੋਂ ਪ੍ਰਨਿਤੀ ਚੋਪੜਾ ਨੇ ਸ਼ਰਮਾ ਨੂੰ ਦੱਸਿਆ ਕਿ ਉਸ ਨੇ ਅਦਾਕਾਰੀ ਸਕੂਲ ਜਾਣ ਲਈ ਆਪਣੀ ਨੌਕਰੀ ਛੱਡ ਦਿੱਤੀ ਤਾਂ ਉਸ ਨੇ ਉਸ ਨੂੰ ਕੰਪਨੀ ਦੇ ਕਾਸਟਿੰਗ ਡਾਇਰੈਕਟਰ ਨੂੰ ਮਿਲਣ ਦੀ ਸਲਾਹ ਦਿੱਤੀ, ਜਿਸ ਨੇ ਉਸ ਨੂੰ ਇੱਕ ਫਨ ਲਈ ਡਮੀ ਆਡੀਸ਼ਨ ਕਰਨ ਲਈ ਕਿਹਾ। ਹਾਲਾਂਕਿ, ਜਦੋਂ ਨਿਰਮਾਤਾ ਨੇ ਟੇਪ ਵੇਖੀ ਤਾਂ ਉਹ ਉਸ ਦੀ ਅਦਾਕਾਰੀ ਤੋਂ ਪ੍ਰਭਾਵਿਤ ਹੋਇਆ। ਜਦੋਂ ਸਕ੍ਰੀਨ ਟੈਸਟ ਵਿੱਚ ਸ਼ਰਮਾ ਨੇ ਆਪਣੇ ਅਸਚਰਜ ਵਰਣਨ ਕੀਤੇ, ਚੋਪੜਾ ਨੂੰ ਤਿੰਨ ਫਿਲਮਾਂ ਦੇ ਸੌਦੇ ਉੱਤੇ ਹਸਤਾਖਰ ਕੀਤਾ। ਸਾਲ 2011 ਵਿੱਚ, ਚੋਪੜਾ ਨੇ ਰੋਮਾਂਟਿਕ ਕਾਮੇਡੀ ਲੇਡੀਜ਼ ਵਰਸਿਜ਼ ਰਿੱਕੀ ਬਹਿਲ, ਰਣਵੀਰ ਸਿੰਘ ਅਤੇ ਅਨੁਸ਼ਕਾ ਸ਼ਰਮਾ ਦੇ ਨਾਲ ਇੱਕ ਸਹਾਇਕ ਭੂਮਿਕਾ ਵਿੱਚ ਆਪਣੀ ਸਕ੍ਰੀਨ ਦੀ ਸ਼ੁਰੂਆਤ ਕੀਤੀ।ਚੋਪੜਾ ਦੀ ਸਾਲ 2014 ਦੀਆਂ ਤਿੰਨ ਰਿਲੀਜ਼ਾਂ ਵਿਚੋਂ ਪਹਿਲੀ ਸੀ ਧਰਮ ਪ੍ਰੋਡਕਸ਼ਨ ਦੀ ਰੋਮਾਂਟਿਕ ਕਾਮੇਡੀ ਹਸੀ ਤੋ ਫਸੀ, ਯਸ਼ ਰਾਜ ਫਿਲਮਜ਼ ਦੇ ਬੈਨਰ ਤੋਂ ਬਾਹਰ ਉਸਦੀ ਪਹਿਲੀ ਭੂਮਿਕਾ ਸੀ। ਉਸ ਨੇ ਸਿਧਾਰਥ ਮਲਹੋਤਰਾ ਅਤੇ ਅਦਾ ਸ਼ਰਮਾ ਦੇ ਨਾਲ ਇੱਕ ਪਾਗਲ ਵਿਗਿਆਨੀ ਦੀ ਭੂਮਿਕਾ ਵਿੱਚ ਦਿਖਾਇਆ। ਵਿਨਿਲ ਮੈਥਿਊ ਦੁਆਰਾ ਨਿਰਦੇਸਿਤ ਅਤੇ ਅਨੁਰਾਗ ਕਸ਼ਯਪ ਅਤੇ ਕਰਨ ਜੌਹਰ ਦੁਆਰਾ ਸਾਂਝੇ ਤੌਰ 'ਤੇ ਨਿਰਮਿਤ, ਫ਼ਿਲਮ ਇੱਕ ਮੱਧਮ ਸਫ਼ਲਤਾ 'ਤੇ ਰਹੀ ਅਤੇ ਆਮ ਤੌਰ ਤੇ ਸਕਾਰਾਤਮਕ ਸਮੀਖਿਆਵਾਂ ਪ੍ਰਾਪਤ ਹੋਈਆਂ। ਐਨ.ਡੀ.ਟੀ.ਵੀ. ਦੇ ਸਾਈਬਲ ਚੈਟਰਜੀ ਨੇ ਲਿਖਿਆ ਕਿ ਚੋਪੜਾ ਆਪਣੇ ਗੂਫਬਾਲ ਐਕਟ ਨਾਲ ਪਿੱਚ-ਸੰਪੂਰਨ ਸੀ ਅਤੇ ਹਿੰਦੁਸਤਾਨ ਟਾਈਮਜ਼ ਨੇ ਪ੍ਰਕਾਸ਼ਤ ਕੀਤਾ ਕਿ ਉਸਨੇ ਫਿਲਮ ਨਾਲ ਬਾਲੀਵੁੱਡ ਨਾਇਕਾ ਦੇ ਸੰਕਲਪ ਨੂੰ ਦੁਬਾਰਾ ਪਰਿਭਾਸ਼ਤ ਕੀਤਾ। ਹਬੀਬ ਫੈਸਲ ਦੀ ਦਾਜ-ਅਧਾਰਤ ਸਮਾਜਿਕ ਕਾਮੇਡੀ ਫ਼ਿਲਮ ਦਾਵਤ-ਏ-ਇਸ਼ਕ ਨੇ ਚੋਪੜਾ ਦੀ ਨਿਸ਼ਾਨਦੇਹੀ ਕੀਤੀ।

Printed & Published by Amritpal Singh Printed at I.G. Printers, Pvt Ltd 104, DSIDC, Complex Okhla Industrial Area Phase-I New Delhi-110020 Keepr Jagpal Singh Published at office Daily Educator, 104 DSIDC, Okhla Industrial Area Phase-I, New Delhi .Owner : Jagjit Singh Dardi, Editor Harpreet Singh, PRGI (RNI) Regd. N0.42998/1985

ਅੰਮ੍ਰਿਤਪਾਲ ਸਿੰਘ ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਐਜੂਕੇਟਰ, ਆਈ.ਜੀ. ਪ੍ਰਿੰਟਰਜ਼ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ. ਡੀ. ਸੀ. ਕੰਪਲੈਕਸ, ਓਖਲਾ ਇੰਡਸਟਰੀਅਲ ਏਰੀਆ ਫੇਜ਼-1 ਨਵੀਂ ਦਿੱਲੀ-110020 ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਐਜੂਕੇਟਰ 104, ਡੀ.ਐਸ.ਆਈ.ਡੀ.ਸੀ. ਓਖਲਾ ਇੰਡਸਟਰੀਅਲ ਏਰੀਆ, ਫੇਜ਼-1 ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ। (ਮਾਲਕ ਜਗਜੀਤ ਸਿੰਘ ਦਰਦੀ), ਐਡੀਟਰ ਹਰਪ੍ਰੀਤ ਸਿੰਘ, PRGI (RNI) Regd. N0.42998/1985

# ਟੌਪ ਮਾਡਲ ਬਣਨ ਦੇ ਬਾਅਦ ਅਭਿਨੈ ਜਗਤ ਵਿੱਚ ਦਾਖਲ ਹੋਣ ਵਾਲੀ ਅਮਾਇਰਾ ਦਸਤੂਰ

ਟੌਪ ਮਾਡਲ ਬਣਨ ਦੇ ਬਾਅਦ ਅਭਿਨੈ ਜਗਤ ਵਿੱਚ ਦਾਖਲ ਹੋਣ ਵਾਲੀ ਅਮਾਇਰਾ ਦਸਤੂਰ ਇਨ੍ਹੀਂ ਦਿਨੀਂ ਫਿਲਮਾਂ ਦੇ ਇਲਾਵਾ ਡਿਜੀਟਲ ਪਲੇਟਪਾਰਮ ਉੱਤੇ ਬੇਹੱਦ ਬਿਜ਼ੀ ਨਜ਼ਰ ਆ ਰਹੀ ਹੈ। ਕਈ ਵੱਡੇ ਬ੍ਰਾਂਡਸ ਦੇ ਉਤਪਾਦਾਂ ਲਈ ਐਡ ਵਿੱਚ ਕੰਮ ਕਰਦੇ ਹੋਏ ਅਮਾਇਰਾ 'ਇਸ਼ਕ', 'ਰਾਜਮਾਂਹ ਚਾਵਲ', 'ਕੁੰਗ ਫੂ ਯੋਗਾ', 'ਮਿਸਟਰ ਐਕਸ', 'ਜਜਮੈਂਟਲ ਹੈ ਕਯਾ' ਵਰਗੀਆਂ ਫਿਲਮਾਂ ਵਿੱਚ ਵੀ ਨਜ਼ਰ ਆ ਚੁੱਕੀ ਹੈ। ਇਸ ਸਾਲ ਸੈਫ ਅਲੀ ਖਾਨ ਅਤੇ ਡਿੰਪਲ ਕਪਾਡੀਆ ਵਰਗੇ ਸਿਤਾਰਿਆਂ ਨਾਲ ਵੈੱਬ ਸੀਰੀਜ਼ 'ਤਾਂਡਵ' ਤੋਂ ਇਲਾਵਾ ਉਹ ਫਿਲਮ 'ਕੋਈ ਜਾਨੇ ਨਾ' ਵਿੱਚ ਵੀ ਨਜ਼ਰ ਆਈ ਹੈ। ਇਨ੍ਹੀਂ ਦਿਨੀਂ ਉਸ ਦੀ ਝੋਲੀ ਵਿੱਚ ਸਾਊਥ ਦੀਆਂ ਦੋ ਵੱਡੀਆਂ ਫਿਲਮਾਂ ਦੇ ਨਾਲ ਇੱਕ ਹੋਰ ਵੈੱਬ ਸੀਰੀਜ਼ 'ਡੋਂਗਰੀ ਟੂ ਦੁਬਈ' ਸ਼ਾਮਲ ਹੈ। ਇਨ੍ਹੀਂ ਦਿਨੀਂ ਉਹ ਆਪਣੇ ਨਵੇਂ ਮਿਊਜ਼ਿਕ ਵੀਡੀਓ 'ਪਿੰਡ ਖਾਲੀ ਲਗਦਾ' ਬਾਰੇ ਵੀ ਸੁਰਖੀਆਂ ਖੱਟ ਰਹੀ ਹੈ। ਇਸ ਵੀਡੀਓ ਵਿੱਚ ਉਸ ਨਾਲ ਅਭਿਨੇਤਾ ਪ੍ਰਿਆਂਕ ਸ਼ਰਮਾ ਨਜ਼ਰ ਆ ਰਿਹਾ ਹੈ। ਇਸ ਗੀਤ ਨੂੰ ਪਲਕ ਮੁੱਛਲ ਨੇ ਆਵਾਜ਼ ਦਿੱਤੀ ਹੈ। ਪੇਸ਼ ਹਨ ਅਮਾਇਰਾ ਨਾ ਹੋਈ ਗੱਲਬਾਤ ਦੇ ਕੁਝ ਅੰਸ਼ :



* ਪਿਤਾ ਵਾਂਗ ਡਾਕਟਰ ਬਣਨ ਦੀ ਬਜਾਏ ਤੁਸੀਂ ਐਕਟਿੰਗ ਨੂੰ ਕਿਉਂ ਚੁਣਿਆ?

– ਇਨਸਾਨ ਸੋਚਦਾ ਕੁਝ ਹੋਰ ਅਤੇ ਹੁੰਦਾ ਕੁਝ ਹੋਰ ਹੈ। ਮੇਰੇ ਪਿਤਾ ਜੀ ਇੱਕ ਹਸਪਤਾਲ ਦੇ ਸਰਜਨ ਅਤੇ ਡਾਇਰੈਕਟਰ ਹਨ। ਮਾਂ ਨੌਕਰੀ ਕਰਦੀ ਸੀ, ਪਰ ਭਰਾ ਅਤੇ ਮੇਰੀ ਪਰਵਰਿਸ਼ ਦੀ ਖਾਤਰ ਉਨ੍ਹਾਂ ਨੇ ਆਪਣੀ ਨੌਕਰੀ ਛੱਡ ਦਿੱਤੀ। ਬਚਪਨ ਵਿੱਚ ਮੈਂ ਆਪਣੇ ਤੋਂ ਇੱਕ ਸਾਲ ਵੱਡੇ ਭਰਾ ਦੇ ਕੱਪੜੇ ਪਾਇਆ ਕਰਦੀ ਸੀ। ਭਰਾ ਨਾਲ ਮਸਤੀ ਤੇ ਪੜ੍ਹਾਈ ਕਰਨਾ ਇਹੀ ਮੇਰੀ ਜ਼ਿੰਦਗੀ ਸੀ। ਸਕੂਲ ਵਿੱਚ ਅਕਸਰ ਮੈਨੂੰ ਡਰਾਮਾ ਅਤੇ ਕੰਪੀਟੀਸ਼ਨਾਂ ਵਿੱਚ ਸਿਲੈਕਟ ਕੀਤਾ ਜਾਂਦਾ ਸੀ। 10ਵੀਂ ਦੇ ਇਮਤਿਹਾਨ ਦੇ ਬਾਅਦ ਮੈਂ ਸੋਚਿਆ ਕਿ ਮੈਨੂੰ ਐਕਟਿੰਗ ਵਿੱਚ ਟਰਾਈ ਕਰਨਾ ਚਾਹੀਦਾ ਹੈ, ਜੇ ਹੀਰੋਇਨ ਨਾ ਵੀ ਬਣੀ ਤਾਂ ਕਿਸੇ ਹੋਰ ਪ੍ਰੋਫੈਸ਼ਨ ਵਿੱਚ ਖੁਦ ਨੂੰ ਅਜ਼ਮਾ ਲਵਾਂਗੀ।

* ਫਿਰ ਤੁਸੀਂ ਐਕਟਿੰਗ ਵਿੱਚ ਕੋਸ਼ਿਸ਼ ਕਰਨ ਲੱਗੇ?

–ਫਿਲਮਾਂ ਲਈ ਟੈਲੈਂਟ, ਅਨੁਭਵ, ਕਿਸਮਤ ਆਦਿ ਕਈ ਗੱਲਾਂ ਮਾਇਨੇ ਰੱਖਦੀਆਂ ਹਨ। ਮੰਮੀ ਦੀ ਇੱਕ ਖਾਸ ਸਹੇਲੀ ਫਿਰੋਜ਼ਾ ਮੋਦੀ ਨੇ ਮੈਨੂੰ ਤੇ ਮੰਮੀ ਨੂੰ ਸਮਝਾਇਆ ਕਿ ਫੋਟੋ ਸੈਸ਼ਨ ਦੇ ਨਾਲ ਮਾਡਲਿੰਗ ਕਰਨਾ ਸਹੀ ਹੋਵੇਗਾ। ਮੇਰੇ ਪਰਵਾਰ ਵਿੱਚ ਕਿਸੇ ਨੂੰ ਨਹੀਂ ਪਤਾ ਸੀ ਕਿ ਬਾਲੀਵੁੱਡ ਵਿੱਚ ਜਾਣ ਲਈ ਕੀ ਕਰਨਾ ਚਾਹੀਦਾ ਹੈ। ਮੈਂ ਫਿਰੋਜ਼ਾ ਆਂਟੀ ਦੀ ਸਲਾਹ ਉੱਤੇ ਖੁਦ ਦਾ ਫੋਟੋ ਸੈਸ਼ਨ ਕਰਵਾਇਆ ਤੇ ਆਡੀਸ਼ਨ ਲਈ ਖੁਦ ਨੂੰ ਰਜਿਸਟਰ ਵੀ ਕੀਤਾ। ਸੀਨੀਅਰ ਮਾਡਲ ਐਰਿਕਾ ਨੇ ਮੇਰੀ ਕਾਫੀ ਮਦਦ ਕੀਤੀ। ਮੈਂ ਬਾਡੀ ਸ਼ੇਮਿੰਗ ਤੋਂ ਪ੍ਰੇਸ਼ਾਨ ਸੀ। ਮੈਂ ਲਗਾਤਾਰ ਦੋ ਸਾਲ ਆਡੀਸ਼ਨ ਦਿੱਤੇ। 12ਵੀਂ ਦੇ ਆਖਰੀ ਪੇਪਰਾਂ ਵਾਲੇ ਦਿਨ 'ਇਸ਼ਕ ਦੇ ਆਫਿਸ ਵਾਲਿਆਂ ਨੇ ਮੈਨੂੰ ਨੈਕਸਟ ਰਾਊਂਡ ਦੇ ਆਡੀਸ਼ਨ ਲਈ ਬੁਲਾਇਆ।

* ਫਿਲਮ 'ਇਸ਼ਕ' ਦੇ ਫਲਾਪ ਹੋਣ ਨਾਲ ਤੁਹਾਡਾ ਕਰੀਅਰ ਕਿੰਨਾ ਪ੍ਰਭਾਵਤ ਹੋਇਆ?

–ਦੋ ਸਾਲਾਂ ਤੱਕ ਲਗਾਤਾਰ ਆਡੀਸ਼ਨ ਦਿੰਦੇ-ਦਿੰਦੇ ਮੈਂ ਥੱਕ ਚੁੱਕੀ ਸੀ ਤੇ ਆਸ ਕੀਤੀ ਕਿ ਕੋਈ ਕਿਰਨ ਨਜ਼ਰ ਨਾ ਆਉਣ ਉੱਤੇ ਅਭਿਨੈ ਨੂੰ ਗੁਡਬਾਇ ਕਰਨ ਦਾ ਫੈਸਲਾ ਲੈਂਦੇ ਹੀ ਫਿਲਮ 'ਇਸ਼ਕ' ਨਾਲ ਮੇਰਾ ਡੈਬਿਊ ਹੋਇਆ। ਪਹਿਲਾਂ ਤਾਂ ਮੈਨੂੰ ਲੱਗਾ ਕਿ ਫਿਲਮ ਰਿਲੀਜ਼ ਹੁੰਦੇ ਹੀ ਸਟਾਰ ਬਣ ਜਾਵਾਂਗੀ, ਮੈਨੂੰ ਦੇਖ ਕੇ ਭੀੜ ਜਮ੍ਹਾ ਹੋ ਜਾਵੇਗੀ, ਪਰ ਅਜਿਹਾ ਕੁਝ ਨਹੀਂ ਹੋਇਆ। ਫਿਲਮ ਚੱਲੀ ਨਹੀਂ, ਪਰ ਮੇਰਾ ਅਭਿਨੈ ਕ੍ਰਿਟਿਕਸ ਨੂੰ ਚੰਗਾ ਲੱਗਾ ਅਤੇ ਮੈਨੂੰ ਅਜੇ ਤੱਕ ਕੰਮ ਮਿਲ ਰਿਹਾ ਹੈ।

* ਇਮਰਾਨ ਹਾਸ਼ਮੀ, ਜੈਕੀ ਚੇਨ, ਧਨੁਸ਼, ਰਿਸ਼ੀ ਕਪੂਰ, ਰਾਜ ਕੁਮਾਰ ਰਾਓ ਵਰਗੇ ਕਲਾਕਾਰਾਂ ਤੋਂ ਤੁਸੀਂ ਕੀ ਸਿੱਖਿਆ?

– ਮੇਰੀ ਡੈਬਿਊ ਫਿਲਮ 'ਇਸ਼ਕ' ਦੌਰਾਨ ਮੈਂ ਬਹੁਤ ਨਰਵਸ ਸੀ। ਇਮਰਾਨ ਹਾਸ਼ਮੀ ਨੇ ਸਲਾਹ ਦਿੱਤੀ ਕਿ ਭੇਡਚਾਲ ਤੋਂ ਦੂਰ ਰਹਿ ਕੇ ਆਪਣਾ ਵਜੂਦ ਬਣਾਓ ਅਤੇ ਇਮਾਨਦਾਰੀ ਨਾਲ ਕੰਮ ਕਰਦੇ ਰਹਿਣਾ। ਤਮਿਲ ਫਿਲਮ 'ਏਰਿਗਮ ਦੌਰਾਨ ਧਨੁਸ਼ ਤੋਂ ਮੈਂ ਨਰਮੀ ਅਤੇ ਇਨਸਾਨੀਅਤ ਸਿੱਖੀ। ਜੈਕੀ ਚੇਨ ਤੋਂ ਫਿਜ਼ੀਕਲੀ ਫਿੱਟ ਰਹਿਣਾ ਸਿੱਖਿਆ। ਰਿਸ਼ੀ ਕਪੂਰ ਤੋਂ ਬੇਝਿਜਕ ਹੋ ਕੇ ਡਾਇਲਾਗਸ ਬੋਲਣਾ ਸਿੱਖਿਆ। ਭਗਵਾਨ ਦਾ ਸ਼ੁਕਰ ਹੈ ਕਿ ਇਨ੍ਹਾਂ ਮਹਾਨ ਕਲਾਕਾਰਾਂ ਤੋਂ ਹਰ ਵਾਰ ਕੁਝ ਨਾ ਕੁਝ ਸਿੱਖਿਆ। ਰਾਜ ਕੁਮਾਰ ਰਾਓ ਬਿਹਤਰ ਕਲਾਕਾਰ ਹੈ। ਉਨ੍ਹਾਂ ਨਾਲ ਮੈਂ 'ਮੇਡ ਇਨ ਚਾਈਨਾ' ਅਤੇ 'ਜਜਮੈਂਟਲ ਹੈ ਕਯਾ' ਵਰਗੀਆਂ ਫਿਲਮਾਂ ਕੀਤੀਆਂ। ਉਨ੍ਹਾਂ ਦੇ ਨਾਲ ਕੰਮ ਕਰਦੇ ਸਮੇਂ ਮੈਂ ਉਨ੍ਹਾਂ ਦੇ ਅੰਦਾਜ਼ ਦੀ ਦੀਵਾਨੀ ਹੋ ਗਈ।

* ਫਿਲਮ ਅਤੇ ਓ ਟੀ ਟੀ ਵਿੱਚ ਤੁਸੀਂ ਕੀ ਫਰਕ ਮਹਿਸੂਸ ਕਰਦੇ ਹੋ?

–ਓ ਟੀ ਟੀ ਉੱਤੇ ਮੈਂ 'ਤਾਂਡਵ' ਦਾ ਪਹਿਲਾ ਹਿੱਸਾ ਕਰ ਚੁੱਕੀ ਹਾਂ ਅਤੇ ਦੂਸਰਾ ਹਿੱਸਾ ਕਰਾਂਗੀ। ਵੈੱਬ ਸੀਰੀਜ਼ 'ਡੋਂਗਰੀ ਸੇ ਦੁਬਈ' ਦੀ ਸ਼ੂਟਿੰਗ ਵੀ ਮੈਂ ਮਡ ਆਇਲੈਂਡ ਵਿੱਚ ਕੀਤੀ ਹੈ, ਜੋ ਦਾਊਦ ਇਬਰਾਹੀਮ ਉੱਤੇ ਆਧਾਰਤ ਹੈ। ਇਨ੍ਹਾਂ ਵੈੱਬ ਸੀਰੀਜ਼ ਦਾ ਬਜਟ ਕਰੋੜਾਂ ਵਿੱਚ ਹੈ। ਫਿਲਮਾਂਕਣ ਅਤੇ ਮੇਕਿੰਗ ਵਿੱਚ ਇਹ ਫਿਲਮਾਂ ਤੋਂ ਉਨੀ ਨਹੀਂ, ਵੀਹ ਹਨ। ਫਿਲਮਾਂ ਅਤੇ ਓ ਟੀ ਟੀ ਉੱਤੇ ਕੰਮ ਕਰਦੇ ਹੋਏ ਮੈਨੂੰ ਕੋਈ ਫਰਕ ਮਹਿਸੂਸ ਨਹੀਂ ਹੁੰਦਾ।

* ਅਮਾਇਰਾ ਬੜਾ ਅਨੋਖਾ ਨਾਂਅ ਹੈ। ਕੀ ਇਸ ਨਾਂਅ ਦਾ ਕੋਈ ਮਤਲਬ ਵੀ ਹੈ?

–ਮੇਰੇ ਪਿਤਾ ਡਾਕਟਰ ਗੁਲਜ਼ਾਰ ਦਸਤੂਰ ਪਾਰਸੀ ਹਨ, ਪਰ ਮਾਂ ਡੇਲਨਾ ਦਸਤੂਰ ਈਰਾਨ ਦੀ ਪਾਰਸੀ ਹੈ। ਅਰਬੀ ਭਾਸ਼ਾ ਵਿੱਚ ਰਾਜ ਕੁਮਾਰੀ ਨੂੰ ਅਮਾਇਰਾ ਕਹਿੰਦੇ ਹਨ, ਇਸ ਲਈ ਮੇਰਾ ਨਾਂ ਅਰਬੀ ਵਿੱਚ ਅਮਾਇਰਾ ਰੱਖਿਆ ਗਿਆ।